MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 03 SATURDAY, 15 JANUARY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP, RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਟੀਕਾ ਲਗਵਾਉਣ ਤੋਂ ਇਨਕਾਰ ਕਰਨ ਵਾਲਿਆਂ ਖ਼ਿਲਾਫ਼ ਕਿਊਬਕ ਠੋਕੇਗਾ ਮੋਟਾ ਵਿੱਤੀ ਜ਼ੁਰਮਾਨਾ

## ਕਿਊਬਕ ਵਾਸੀਆਂ ਨੇ ਅਦਾਲਤੀ ਚੁਣੌਤੀ ਦੀ ਦਿੱਤੀ ਧਮਕੀ

ਮਾਂਟਰੀਅਲ-ਕਿਊਬਕ ਸੂਬੇ ਦੇ ਪ੍ਰੀਮੀਅਰ ਫ੍ਰਾਂਕੋਇਸ ਲੇਗੌਲਟ ਨੇ ਐਲਾਨ ਕੀਤਾ ਕਿ ਸੂਬਾ ਉਨ੍ਹਾਂ ਲੋਕਾਂ ਨੂੰ ਕਾਫੀ ਵਿੱਤੀ ਜ਼ੁਰਮਾਨਾ ਲਗਾਵੇਗਾ ਜਿਹੜੇ ਗੈਰ ਮੈਡੀਕਲ ਕਾਰਨਾਂ ਕਰਕੇ ਕੋਵਿਡ-19 ਟੀਕਾ ਲਗਵਾਉਣ ਤੋਂ ਇਨਕਾਰ ਕਰ ਰਹੇ ਹਨ। ਪ੍ਰੀਮੀਅਰ ਨੇ ਇਹ ਐਲਾਨ ਮੰਗਲਵਾਰ ਬਾਅਦ ਦੁਪਹਿਰ ਇਕ ਪ੍ਰੈਸ ਕਾਨਫਰੰਸ ਵਿਚ ਕੀਤਾ ਅਤੇ ਇਸ ਉਪਾਅ ਨੂੰ ਸਿਹਤ ਸੰਭਾਲ ਯੋਗਦਾਨ ਵਜੋਂ ਦੱਸਿਆ ਹੈ ਪਰ ਅਜੇ ਜ਼ੁਰਮਾਨੇ ਦੀ ਸਹੀ ਰਕਮ ਨਿਰਧਾਰਤ ਨਹੀਂ ਕੀਤੀ ਗਈ। ਸੂਬਾ ਉਪਾਅ ਨੂੰ ਲਾਗੂ ਕਰਨ ਬਾਰੇ ਵਿੱਤ ਮੰਤਰੀ ਅਤੇ ਆਪਣੇ ਕਾਨੂੰਨੀ ਸਲਾਹਕਾਰਾਂ ਨਾਲ ਸਲਾਹ ਮਸ਼ਵਰਾ ਕਰ ਰਿਹਾ ਹੈ ਪਰ ਲੇਗੌਲਟ ਪਹਿਲਾਂ ਹੀ ਕਹਿ ਚੁੱਕੇ ਹਨ 50 ਜਾਂ 100 ਡਾਲਰ ਉਸ ਲਈ ਬਹੁਤ ਜ਼ਿਆਦਾ ਨਹੀਂ। ਪ੍ਰੀਮੀਅਰ ਮੁਤਾਬਿਕ ਕਿਊਬਕ ਵਿਚ ਸਾਰੇ ਬਾਲਗਾਂ 'ਤੇ ਟੈਕਸ ਲਾਗੂ ਹੋਵੇਗਾ ਜਿਹੜੇ ਅਗਲੇ ਕੁਝ ਹਫ਼ਤਿਆਂ ਵਿਚ ਟੀਕੇ ਦੀ ਪਹਿਲੀ ਖੁਰਾਕ ਲੈਣ ਤੋਂ ਇਨਕਾਰ ਕਰਨਗੇ। ਉਹ ਲੋਕ ਜਿਨ੍ਹਾਂ ਨੇ ਡਾਕਟਰੀ ਕਾਰਨ ਕਰਕੇ ਟੀਕਾਕਰਣ ਤੋਂ ਛੋਟ ਮਿਲੀ ਹੋਈ ਹੈ ਨੂੰ ਟੈਕਸ ਦਾ ਭੁਗਤਾਨ ਨਹੀਂ ਕਰਨਾ ਪਵੇਗਾ। ਟੀਕਾ ਨਾ ਲਗਵਾਉਣ ਵਾਲੇ ਲੋਕਾਂ ਨੂੰ ਇਕ ਬਿੱਲ ਅਦਾ ਕਰਨਾ ਪਵੇਗਾ ਕਿਉਂਕਿ ਇਹ ਸਾਡੇ ਸਿਹਤ ਸੰਭਾਲ ਨੈੱਟਵਰਕ ਦੇ ਨਤੀਜੇ ਹਨ ਅਤੇ ਇਹ ਬਿੱਲ ਸਾਰੇ ਕਿਊਬਕ ਵਾਸੀ ਅਦਾ ਨਹੀਂ ਕਰਨਗੇ। ਇਹ ਹੁਣ ਸਮਾਨਤਾ ਦਾ ਸਵਾਲ ਹੈ, ਇਨ੍ਹਾਂ ਲੋਕਾਂ ਨੇ ਸਾਡੇ ਸਿਹਤ ਸੰਭਾਲ ਨੈੱਟਵਰਕ 'ਤੇ ਬਹੁਤ ਜ਼ਿਆਦਾ ਭਾਰ ਪਾਇਆ ਹੈ। ਉਨ੍ਹਾਂ



ਕਿਹਾ ਕਿ ਅਸੀਂ ਵੈਕਸੀਨ ਪਾਸਪੋਰਟ ਦੀ ਵਰਤੋਂ ਨੂੰ ਫੈਲਾਉਣਾ ਜਾਰੀ ਰੱਖਾਂਗੇ ਪਰ ਮੇਰਾ ਖਿਆਲ ਹੈ ਕਿ ਸਾਨੂੰ ਇਸ ਤੋਂ ਵੀ ਅੱਗੇ ਜਾਣਾ ਪਵੇਗਾ। ਟੀਕਾਰਹਿਤ ਹਜ਼ਾਰਾਂ ਕਿਊਬਕ ਵਾਸੀਆਂ ਦੇ ਫੇਸਬੁੱਕ ਗਰੁੱਪ ਵਿਚ ਲੋਕਾਂ ਨੇ ਇਸ ਕਦਮ ਨੂੰ ਮਨੋਵਿਗਿਆਨਕ ਯੁੱਧ ਆਖਦਿਆਂ ਕਿਹਾ ਕਿ ਉਹ ਇਸ ਨੂੰ ਅਦਾਲਤ ਵਿਚ ਚੁਣੌਤੀ ਦੇਣਾ ਚਾਹੁੰਦੇ ਹਨ। ਕਾਨੂੰਨੀ ਮਾਹਿਰਾਂ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਮੁੱਦਾ ਬਹੁਤ ਸਾਰੇ ਰੋਚਕ ਸਵਾਲ ਖੜੇ ਕਰਦਾ ਹੈ ਪਰ ਇਹ ਕਾਨੂੰਨੀ ਤੌਰ 'ਤੇ ਸਪਸ਼ਟਤਾ ਤੋਂ ਦੂਰ ਹੈ। ਸੰਵਿਧਾਨਕ ਵਕੀਲ ਜੁਲੀਅਸ ਗਰੇਅ ਨੇ ਕਿਹਾ ਕਿ ਜੇਕਰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਤਾਂ ਨਤੀਜੇ ਗੰਭੀਰ ਹੋਣਗੇ।

## 7000 ਤੋਂ ਵੀ ਵੱਧ ਪਹਿਲੇ ਟੀਕੇ ਲਈ ਰਜਿਸਟਰਡ

ਟੀਕਾਰਹਿਤ ਲੋਕਾਂ 'ਤੇ ਕਿਊਬਕ ਅਧਿਕਾਰੀਆਂ ਵਲੋਂ ਟੈਕਸ ਲਗਾਉਣ ਦੀਆਂ ਦਿੱਤੀਆਂ ਧਮਕੀਆਂ ਦਰਮਿਆਨ 7000 ਤੋਂ ਵੀ ਵੱਧ ਵਿਅਕਤੀਆਂ ਨੇ ਪਹਿਲਾ ਟੀਕਾ ਲਗਵਾਉਣ ਲਈ ਬੁਕਿੰਗ ਕਰਵਾਈ ਹੈ। ਕਿਊਬਕ ਦੇ ਸਿਹਤ ਮੰਤਰੀ ਕ੍ਰਿਸਟੀਅਨ ਡੁਬੇ ਨੇ ਟਵੀਟ ਕਰਦਿਆਂ ਦੱਸਿਆ ਕਿ ਕਈ ਦਿਨਾਂ ਵਿਚ ਇਹ ਸਭ ਤੋਂ ਉੱਚੀ ਬੁੱਕਿੰਗ ਹੈ। 5000 ਅਪੁਆਇੰਟਮੈਂਟਸ ਸੋਮਵਾਰ ਕੀਤੀਆਂ ਗਈਆਂ ਹਨ। ਇਹ ਉਤਸ਼ਾਹਜਨਕ ਹੈ। ਡੁਬੇ ਨੇ ਅੱਗੇ ਕਿਹਾ ਕਿ ਅਪੁਆਇੰਟਮੈਂਟਸ ਹਰੇਕ ਉਮਰ ਦੇ ਲੋਕਾਂ ਵਲੋਂ ਕਰਵਾਈ ਗਈ ਹੈ ਅਤੇ ਇਕੱਲੇ ਮੰਗਲਵਾਰ 107000 ਖੁਰਾਕਾਂ ਦਿੱਤੀਆਂ ਗਈਆਂ ਹਨ। ਉਸੇ ਦਿਨ ਪ੍ਰੀਮੀਅਰ ਲੇਗੌਲਟ ਨੇ ਟੀਕਾ ਲਗਵਾਉਣ ਤੋਂ ਇਨਕਾਰ ਕਰਨ ਵਾਲੇ ਲੋਕਾਂ ਖਿਲਾਫ ਮੋਟਾ ਵਿੱਤੀ ਜ਼ੁਰਮਾਨਾ ਲਗਾਉਣ ਦਾ ਐਲਾਨ ਕੀਤਾ ਸੀ।

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#207-7928-128 St. (York Business Centre), Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਣਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਦੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002



S T & A
Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated
BBB ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Simpson, Thomas & Associates at 604-229-6448 to request a free initial legal consultation or fill out our online form on simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL : 10 ISSUE : 03 SATURDAY, 15 JANUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਅਕਾਲੀ ਆਗੂ ਮਜੀਠੀਆ ਨੂੰ ਪੇਸ਼ਗੀ ਜ਼ਮਾਨਤ ਮਿਲਣ ਨਾਲ ਪੰਜਾਬ ਕਾਂਗਰਸ ਨੂੰ ਕਰਾਰ ਝਟਕਾ



ਮੁਹਾਲੀ-ਵਿਧਾਨ ਸਭਾ ਚੋਣਾਂ ਤੋ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੁਆਰਾ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਨਸ਼ਾ ਤਸਕਰੀ ਦੇ ਸਬੰਧ ਵਿਚ ਦਰਜ ਕੀਤੇ ਗਏ ਕੇਸ ਵਿਚ ਉਦੋ ਵੱਡਾ ਝਟਕਾ ਲੱਗਾ ਜਦੋ ਹਾਈਕੋਰਟ ਨੇ ਮਜੀਠੀਆ ਦੀ ਪੇਸ਼ਗੀ ਜ਼ਮਾਨਤ ਮਨਜੂਰ ਕਰ ਲਈ। ਅਦਾਲਤ ਨੇ ਮਜੀਠੀਆ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਹੈ। ਬਚਾਅ ਪੱਖ ਵੱਲੋਂ ਸੀਨੀਅਰ ਵਕੀਲ ਮੁਕੁਲ ਰੋਹਤਗੀ, ਰਾਜਿੰਦਰ ਸਿੰਘ ਚੀਮਾ, ਦਮਨਬੀਰ ਸਿੰਘ ਸੋਬਤੀ ਅਤੇ ਅਰਸ਼ਦੀਪ ਸਿੰਘ ਚੀਮਾ ਪੇਸ਼ ਹੋਏ। ਸਰਕਾਰੀ ਵਕੀਲ ਨੇ ਕਿਹਾ ਕਿ ਮਜੀਠੀਆ ਖ਼ਿਲਾਫ਼ ਤੱਥਾਂ ਦੇ ਆਧਾਰ ’ਤੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੀ ਦੇਖ-ਰੇਖ ਹੇਠ ਨਸ਼ਿਆਂ ਦੀ ਤਸਕਰੀ ਮਾਮਲੇ ਸਬੰਧੀ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਦੀ ਰਿਪੋਰਟ ਅਤੇ ਕਾਨੂੰਨੀ ਰਾਇ ਲੈਣ ਮਗਰੋਂ ਹੀ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

(ਬਾਕੀ ਸਫ਼ਾ 18 ’ਤੇ)

ਆਮ ਆਦਮੀ ਪਾਰਟੀ ਦੀ ਜੱਕੋਤੱਕੀ

# ਮੁੱਖ ਮੰਤਰੀ ਦੇ ਚਿਹਰੇ ਦਾ ਫ਼ੈਸਲਾ ਪੰਜਾਬ ਦੇ ਲੋਕਾਂ ਤੇ ਸੁੱਟਿਆ

• ਲੋਕ ਰਾਇ ਜਾਣਨ ਲਈ ਫੋਨ ਨੰਬਰ ਜਾਰੀ ਕੀਤਾ • ਆਪ ਵੱਲੋਂ ਟਿਕਟਾਂ ਵੇਚੇ ਜਾਣ ਦੇ ਦੋਸ਼ ਨਕਾਰੇ



ਮੁਹਾਲੀ-ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਦਾ ਫ਼ੈਸਲਾ ਪੰਜਾਬ ਦੇ ਲੋਕਾਂ ’ਤੇ ਸੁੱਟ ਦਿੱਤਾ ਹੈ। ਇਸ ਤੋਂ ਸਾਫ਼ ਹੈ ਕਿ ਪਾਰਟੀ ਭਗਵੰਤ ਮਾਨ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕਰਨ ਬਾਰੇ ਜੱਕੋ-ਤੱਕੀ ਵਿੱਚ ਹੈ। ਇੱਥੇ ਮੁਹਾਲੀ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਉਨ੍ਹਾਂ ਕਿਹਾ ਕਿ ਉਹ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਚਾਹੁੰਦੇ ਹਨ ਪਰ ਮਾਨ ਨੇ ਖੁਦ ਜਵਾਬ ਦੇ ਦਿੱਤਾ ਅਤੇ ਕਿਹਾ ਲੋਕ ਜਿਸ ਨੂੰ ਚਾਹੁੰਣਗੇ, ਉਸ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆਂ ਜਾਵੇ। ਇਸ ਮਗਰੋਂ ਪਾਰਟੀ ਨੇ 7074870748 ਨੰਬਰ ਜਾਰੀ ਕਰਕੇ ਪੰਜਾਬ ਦੇ ਲੋਕਾਂ ਤੋਂ ਮੁੱਖ ਮੰਤਰੀ ਦੇ ਚਿਹਰੇ ਬਾਰੇ ਰਾਇ ਮੰਗੀ ਗਈ ਹੈ। ਇਹ ਨੰਬਰ 17 ਜਨਵਰੀ ਸ਼ਾਮ 5 ਵਜੇ ਤੱਕ ਖੁੱਲ੍ਹਾ ਰਹੇਗਾ। ਇਸ ਨੰਬਰ ਆਏ ਸੁਝਾਅ ਤੋਂ ਬਾਅਦ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇਗਾ। ਉਂਝ ਕੇਜਰੀਵਾਲ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਦੀ ਦੌੜ ਤੋਂ ਬਾਹਰ ਹਨ। ਇਸ ਮੌਕੇ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਮਾਨ, ਰਾਘਵ ਚੱਢਾ ਵੀ ਹਾਜ਼ਰ ਸਨ। ਆਪ ਨੇ ਪੰਜਾਬ ਵਿੱਚ 80 ਸੀਟਾਂ ਦਾ ਟੀਚਾ ਮਿਥਦਿਆਂ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਇੱਕ ਆਖਰੀ ਵਾਰ ਜ਼ੋਰਦਾਰ ਧੱਕਾ ਲਗਾ ਦਿਓ ਤਾਂ ਜੋ ਪੰਜਾਬ ਵਿੱਚ ਆਪ ਦੀ ਸਰਕਾਰ ਬਣਾਈ ਜਾ ਸਕੇ। ਪੈਸੇ ਲੈ ਕੇ ਟਿਕਟਾਂ ਦੇਣ ਬਾਰੇ ਪੁੱਛੇ ਜਾਣ ਤੇ ਕਿਹਾ ਕਿ ਝੂਠੇ ਦੋਸ਼ ਲਗਾਉਣੇ ਬਹੁਤ ਆਸਾਨ ਹਨ। ਉਹਨਾਂ ਕਿਹਾ ਕਿ ਇਹਨਾਂ ਦੋਸ਼ਾਂ ਦੇ ਕੋਈ ਸਬੂਤ ਨਹੀ ਹਨ। ਉਧਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਆਪਣੇ ਦੋਸ਼ ਦੁਹਰਾਉਂਦਿਆਂ ਕਿਹਾ ਹੈ ਕਿ ਉਹਨਾਂ ਪਾਸ ਸਬੂਤ ਹਨ ਕਿ ਆਪ ਵਲੋ ਟਿਕਟਾਂ ਵੇਚੀਆਂ ਜਾ ਰਹੀਆਂ ਹਨ।

GOLDMINE INSURANCE
A MEMBER OF ALL CANADIAN INSURANCE
Home, Business, Auto
ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ.ਸੀ. ਕੋਵਿਡ-19 ਨਾਲ 6 ਹੋਰ ਮੌਤਾਂ

ਵਿਕਟੋਰੀਆ-12 ਜਨਵਰੀ, 2022 ਤੱਕ, ਸੂਬੇ ਦੇ ਪੰਜ ਸਾਲ ਅਤੇ ਉਸ ਤੋਂ ਵੱਧ ਉਮਰ ਦੇ ਯੋਗ ਲੋਕਾਂ ਵਿੱਚੋਂ 88.9 ਫ਼ੀਸਦੀ(4,429,847) ਲੋਕਾਂ ਨੇ ਕੋਵਿਡ-19 ਵੈਕਸੀਨ ਦੀ ਆਪਣੀ ਪਹਿਲੀ ਖ਼ੁਰਾਕ ਪ੍ਰਾਪਤ ਕਰ ਲਈ ਹੈ ਅਤੇ 83.2ਫ਼ੀਸਦੀ(4,148,538) ਲੋਕਾਂ ਨੇ ਦੂਜੀ ਖ਼ੁਰਾਕ ਪ੍ਰਾਪਤ ਕਰ ਲਈ ਹੈ। ਸੂਬੇ ਦੇ 12 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਯੋਗ ਲੋਕਾਂ ਵਿੱਚੋਂ 92.2 ਫ਼ੀਸਦੀ(4,275,308) ਲੋਕਾਂ ਨੇ ਕੋਵਿਡ-19 ਵੈਕਸੀਨ ਦੀ ਆਪਣੀ ਪਹਿਲੀ ਖ਼ੁਰਾਕ ਪ੍ਰਾਪਤ ਕਰ ਲਈ ਹੈ, 89.5ਫ਼ੀਸਦੀ (4,148,174) ਲੋਕਾਂ ਨੇ ਦੂਜੀ ਅਤੇ 27.9ਫ਼ੀਸਦੀ (1,293,926) ਲੋਕਾਂ ਨੇ ਆਪਣੀ ਤੀਜੀ ਖ਼ੁਰਾਕ ਪ੍ਰਾਪਤ ਕਰ ਲਈ ਹੈ। ਇਸ ਤੋਂ ਇਲਾਵਾ, ਸੂਬੇ ਦੇ ਯੋਗ ਬਾਲਗਾਂ ਵਿੱਚੋਂ 92.6 ਫ਼ੀਸਦੀ (4,005,282) ਲੋਕਾਂ ਨੇ ਆਪਣੀ ਪਹਿਲੀ ਖ਼ੁਰਾਕ ਪ੍ਰਾਪਤ ਕਰ ਲਈ ਹੈ, 90.0 ਫ਼ੀਸਦੁ(3,891,188) ਲੋਕਾਂ ਨੇ ਦੂਜੀ, ਅਤੇ 29.9 ਫ਼ੀਸਦੀ (1,292,823) ਨੇ ਆਪਣੀ ਤੀਜੀ ਖ਼ੁਰਾਕ ਪ੍ਰਾਪਤ ਕਰ ਲਈ ਹੈ। ਬੀ.ਸੀ. ਵਿੱਚ ਕੋਵਿਡ-19 ਦੇ 2,859 ਨਵੇਂ ਕੇਸ ਦਰਜ ਹੋਏ ਹਨ। ਸੂਬੇ ਵਿੱਚ ਕੇਸਾਂ ਦੀ ਕੁੱਲ ਗਿਣਤੀ 288,939 ਹੈ। ਸੂਬੇ ਵਿੱਚ ਕੋਵਿਡ-19 ਦੇ 36,641 ਐਕਟਿਵ ਕੇਸ ਹਨ, ਅਤੇ 246,693 ਵਿਅਕਤੀ, ਜਿਨ੍ਹਾਂ ਦਾ ਟੈਸਟ ਪਾਜ਼ੇਟਿਵ ਆਇਆ ਸੀ, ਹੁਣ ਠੀਕ ਹੋ ਗਏ ਹਨ। ਐਕਟਿਵ ਕੇਸਾਂ ਵਿੱਚੋਂ, 500 ਵਿਅਕਤੀ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਹਨ, ਅਤੇ 102 ਇਨਟੈਂਸਿਵ ਕੇਅਰ ਵਿੱਚ ਹਨ। ਬਾਕੀ ਲੋਕ ਘਰ ਵਿੱਚ ਸਵੈ-ਇਕੱਲਤਾ ਵਿੱਚ ਠੀਕ ਹੋ ਰਹੇ ਹਨ। ਪਿਛਲੇ 24 ਘੰਟਿਆਂ ਵਿੱਚ ਛੇ ਨਵੀਆਂ ਮੌਤਾਂ ਰਿਪੋਰਟ ਹੋਈਆਂ ਹਨ, ਮੌਤਾਂ ਦੀ ਕੁੱਲ ਗਿਣਤੀ 2,455 ਹੈ।

BUSY BOYS
ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation



C: 604.837.3101
O: 778.590.5906
#111-8132 130th St., Surrey BC
busyboyslectrical@gmail.com
www.busyboyselectrical.com
ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ

# ਵਿਛੜੇ ਸਾਥੀ ਦੀ ਮ੍ਰਿਤਕ ਦੇਹ ਦੀਆਂ ਅੰਤਿਮ ਰਸਮਾਂ ਦਾ ਜ਼ਿੰਮਾ ਮੁਸਲਿਮ ਔਰਤ ਨੂੰ ਸੌਂਪਿਆ

ਸਰੀ-ਬੀਸੀ ਦੀ ਸੁਪਰੀਮ ਕੋਰਟ ਦੇ ਜੱਜ ਨੇ ਧਾਰਮਿਕ ਸੰਸਕਾਰ ਰਸਮਾਂ ਨੂੰ ਲੈ ਕੇ ਪੈਦਾ ਹੋਏ ਵਿਵਾਦ ਵਿਚ ਫ਼ੈਸਲਾ ਕੀਤਾ ਕਿ ਸਰੀ ਦੀ ਔਰਤ ਦਾ ਆਪਣੇ ਸਾਥੀ ਦੀ ਮ੍ਰਿਤਕ ਦੇਹ 'ਤੇ ਕੰਟਰੋਲ ਹੋਣਾ ਚਾਹੀਦਾ ਹੈ ਜਿਸ ਦੀ ਬਿਨ੍ਹਾਂ ਇੱਛਾ ਦੇ ਮੌਤ ਹੋ ਗਈ ਸੀ। ਅਮੀਨ ਵਿਨੇਪਾਲ ਦੀ 16 ਅਪ੍ਰੈਲ 2018 ਨੂੰ 24 ਸਾਲ ਦੀ ਉਮਰ ਵਿਚ ਅਚਨਚੇਤ ਮੌਤ ਹੋ ਗਈ ਸੀ। ਪਟੀਸ਼ਨਰ ਫਰੀਯਾ ਅਲੀ ਨੇ ਉਸ ਦੀ ਲਾਸ਼ ਦੇ ਨਿਪਟਾਰੇ 'ਤੇ ਕੰਟਰੋਲ ਨੂੰ ਲੈ ਕੇ ਵੈਨਕੂਵਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ ਕਰੀਮੇਸ਼ਨ, ਇੰਟਰਮੈਂਟ ਤੇ ਫਿਊਨਰਲ ਸਰਵਸਿਜ਼ ਤਹਿਤ ਅਪਲਾਈ ਕੀਤਾ। ਉਸ ਦੇ ਪਿਤਾ ਇਕਬਾਲ ਸਿੰਘ ਵਿਨੇਪਾਲ ਜਿਸ ਨੇ ਅਰਜ਼ੀ ਦਾਇਰ ਨਹੀਂ ਕੀਤੀ ਨੇ ਅਦਾਲਤ ਵਿਚ ਕਿਹਾ ਕਿ ਉਸ ਦੇ ਪੁੱਤਰ ਦੀ ਲਾਸ਼ਾਂ ਉਪਰ ਕੰਟਰੋਲ ਵਾਲਾ ਉਹ ਇਕੱਲਾ ਵਿਅਕਤੀ ਹੋਣਾ ਚਾਹੀਦਾ ਹੈ। ਉਸ ਦੇ ਪਿਤਾ ਨੇ ਬਿਨੇਕਾਰ ਦੀ ਅਰਜ਼ੀ ਦਾਇਸ ਆਧਾਰ 'ਤੇ ਵਿਰੋਧ ਕੀਤਾ ਕਿ ਲੜਕੇ ਦੇ ਸਿੱਖ ਧਰਮ ਵਿਚ ਰਹਿੰਦਿਆਂ ਜਨਮ ਤੇ ਮੌਤ ਹੋਈ ਸੀ। ਅਲੀ ਨੇ ਅਦਾਲਤ ਨੂੰ ਦੱਸਿਆ ਕਿ ਉਹ ਵਿਨੇਪਾਲ ਨੂੰ ਇਕ ਪਰਿਵਾਰਕ ਪਾਰਟੀ ਵਿਚ ਮਿਲੀ ਸੀ ਜਦੋਂ ਉਹ 10 ਸਾਲ ਦੇ ਸਨ ਅਤੇ ਉਨ੍ਹਾਂ ਦੇ 2011 ਵਿਚ ਰੋਮਾਂਟਿਕ ਸਬੰਧ ਸ਼ੁਰੂ ਹੋਏ ਅਤੇ 2014 ਵਿਚ ਇਕੱਠੇ ਰਹਿਣਾ ਸ਼ੁਰੂ ਕੀਤਾ ਅਤੇ ਉਹ ਆਪਣੇ ਆਪ ਨੂੰ ਸਪਾਊਸਜ਼ ਸਮਝਦੇ ਸਨ। ਉਸ ਨੇ ਕਿਹਾ ਕਿ ਵਿਨੇਪਾਲ ਨੇ ਦੱਸਿਆ ਸੀ ਕਿ ਉਹ ਮੁਸਲਿਮ ਅੰਤਿਮ ਸੰਸਕਾਰ ਕਰਨਾ ਚਾਹੁੰਦਾ ਹੈ ਅਤੇ ਉਸ ਨੂੰ ਦਫਨਾਇਆ ਜਾਵੇ। ਉਹ ਅਤੇ ਵਿਨੇਪਾਲ ਇਕੱਠੇ ਉਸ ਘਰ ਵਿਚ ਰਹੇ ਜਿਹੜਾ ਵਿਨੇਪਾਲ ਦੇ ਮਤਰੇਏ ਬਾਪ ਨੇ ਕਿਰਾਏ 'ਤੇ ਲਿਆ ਹੋਇਆ ਸੀ। ਬ੍ਰਿਟਿਸ਼ ਕੋਲੰਬੀਆ ਅਪੀਲ ਕੋਰਟ ਦੇ ਜੱਜ ਅਫਲੇਕ ਨੇ ਸਿੱਟਾ ਕੱਢਿਆ ਕਿ ਉਸ ਨੂੰ ਇਸ ਗੱਲ 'ਤੇ ਯਕੀਨ ਹੈ ਕਿ ਵਿਨੇਪਾਲ ਦੀ ਮੌਤ ਤੋਂ ਪਹਿਲਾਂ ਦੋਵੇਂ ਵਿਨੇਪਾਲ ਤੇ ਬਿਨੇਕਾਰ ਵਿਆਹ ਵਰਗੇ ਸਬੰਧਾਂ ਵਿਚ ਘੱਟੋ ਘੱਟ ਦੋ ਸਾਲ ਇਕੱਠੇ ਰਹੇ ਸਨ।

# ਪਿਛਲੇ ਸਾਲ ਬੀਸੀ ਪੈਰਾਮੈਡਿਕਸ ਨੂੰ ਜ਼ਿਆਦਾ ਨਸ਼ਾ ਲੈਣ ਦੇ ਪ੍ਰਤੀ ਦਿਨ ਆਉਂਦੇ ਸਨ ਲਗਪਗ 100 ਫੋਨ



ਵੈਨਕੂਵਰ-2021 ਬੀਸੀ ਦੇ ਇਤਿਹਾਸ ਵਿਚ ਡਰੱਗ ਜ਼ਿਆਦਾ ਲੈਣ ਦਾ ਸਭ ਤੋਂ ਘਾਤਕ ਸਾਲ ਰਿਹਾ ਹੈ ਅਤੇ ਬੀਸੀ ਐਮਰਜੈਂਸੀ ਹੈਲਥ ਸੇਵਾਵਾਂ ਤੋਂ ਜਾਰੀ ਨਵੇਂ ਅੰਕੜੇ ਦੱਸਦੇ ਹਨ ਕਿ ਇਕ ਵਿਸ਼ਾਲ ਅੰਤਰ ਨਾਲ ਪੈਰਾਮੈਡਿਕਸ ਲਈ ਓਵਰਡੋਜ਼ ਸੰਕਟ ਦਾ ਹੁੰਗਾਰਾ ਭਰਨ ਲਈ ਸਭ ਤੋਂ ਵਿਅਸਤ ਸਾਲ ਰਿਹਾ। ਬੀਸੀਈਐਚਐਸ ਨੇ 2021 ਵਿਚ 35525 ਓਵਰਡੋਜ਼ ਮਾਮਲਿਆਂ ਦਾ ਰਿਸਪਾਂਸ ਦਿੱਤਾ ਅਤੇ ਇਹ ਪਿਛਲੇ ਸਾਲ ਦੇ ਮੁਕਾਬਲੇ 31 ਫ਼ੀਸਦੀ ਜ਼ਿਆਦਾ ਹੈ ਅਤੇ 2015 ਵਿਚ ਦਿੱਤੇ 12263 ਰਿਸਪਾਂਸ ਤੋਂ ਲਗਪਗ ਤਿੰਨ ਗੁਣਾਂ ਜ਼ਿਆਦਾ ਹਨ। ਸੂਬੇ ਨੇ 2016 ਵਿਚ ਓਵਰਡੋਜ਼ ਸੰਕਟ ਨੂੰ ਜਨਤਕ ਸਿਹਤ ਐਮਰਜੈਂਸੀ ਐਲਾਨਿਆਂ ਸੀ ਅਤੇ ਉਸ ਸਮੇਂ ਤੋਂ ਪੈਰਾਮੈਡਿਕਸ ਲਈ ਓਵਰਡੋਜ਼ ਮਾਮਲਿਆਂ ਦੇ ਰਿਸਪਾਂਸ ਦੇਣ ਦੀ ਗਿਣਤੀ ਹਰੇਕ ਸਾਲ ਵਧੀ ਹੈ। ਇਕ ਰਿਲੀਜ਼ ਵਿਚ ਬੀਸੀਈਐਚਐਸ ਨੇ ਕਿਹਾ ਕਿ ਬੀਸੀ ਵਿਚ ਹਰ ਰੋਜ਼ 100 ਦੇ ਕਰੀਬ ਲੋਕ ਓਵਰਡੋਜ਼ ਲੈਂਦੇ ਹਨ। ਏਜੰਸੀ ਨੇ ਦੱਸਿਆ ਕਿ ਓਵਰਡੋਜ਼ ਲਈ ਟੈਲੀਫੋਨ ਕਾਲਾਂ ਦਾ ਜਿਨ੍ਹਾਂ ਇਲਾਕਿਆਂ ਵਿਚ ਨਾਟਕੀ ਢੰਗ ਨਾਲ ਵਾਧਾ ਹੋਇਆ ਹੈ ਉਨ੍ਹਾਂ ਵਿਚੋਂ ਇਕ ਸਰੀ ਹੈ ਜਿਥੇ ਪਿਛਲੇ ਸਾਲ ਲਗਪਗ 50 ਫ਼ੀਸਦੀ ਵਾਧਾ ਹੋਇਆ ਹੈ। ਸਰੀ ਵਿਚੋਂ 2021 ਵਿਚ 3674 ਓਵਰਡੋਜ਼ ਦੀਆਂ ਕਾਲਾਂ ਆਈਆਂ ਜਿਹੜੀਆਂ ਸੂਬੇ ਵਿਚ ਸਾਰੀਆਂ ਓਵਰਡੋਜ਼ ਕਾਲਾਂ ਦਾ 10 ਫ਼ੀਸਦੀ ਤੋਂ ਵੀ ਜ਼ਿਆਦਾ ਹਨ। ਸਭ ਤੋਂ ਵੱਡਾ ਹਿੱਸਾ ਵੈਨਕੂਵਰ ਦਾ ਰਿਹਾ ਜਿਥੋਂ 9993 ਓਵਰਡੋਜ਼ ਕਾਲਾਂ ਦਾ ਪੈਰਾਮੈਡਿਕਸ ਨੂੰ ਰਿਸਪਾਂਸ ਦੇਣਾ ਪਿਆ। ਇਹ 2020 ਤੋਂ 23 ਫ਼ੀਸਦੀ ਵੱਧ ਹਨ। ਵਿਕਟੋਰੀਆ ਵਿਚ ਤੀਸਰੇ ਸਭ ਤੋਂ ਜ਼ਿਆਦਾ ਓਵਰਡੋਜ਼ ਦੇ ਮਾਮਲੇ ਦੇਖਣ ਨੂੰ ਮਿਲੇ। ਉਥੇ 1952 ਓਵਰਡੋਜ਼ ਕਾਲਾਂ ਆਈਆਂ ਜਿਹੜੀਆਂ ਪਿਛਲੇ ਸਾਲ ਨਾਲੋਂ 24 ਫ਼ੀਸਦੀ ਵੱਧ ਹਨ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!



Raj Gill has
"NO STRESS MORTGAGE"



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca

JJB
INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE
UP TO
65%
DISCOUNT
AVAILABLE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
Ask for Special Rate for
Super Visa Insurance
Money Back upon Visa Declined
- ਪਹਿਲੀ ਵਾਰ ਘਰ ਖ਼ੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance
Call Us Before You Renew / Buy Any Insurance Lien & Accident Search Available

# ਅਜੇ ਵੀ ਹਜ਼ਾਰਾਂ ਅਫਗਾਨੀ ਕੈਨੇਡਾ ਜਾਣ ਦਾ ਲੱਭ ਰਹੇ ਨੇ ਰਾਹ

ਓਟਵਾ-ਕਾਬੁਲ ਦੇ ਇਕ ਹੋਟਲ ਵਿਚ ਸੱਤ ਮੈਂਬਰਾਂ ਦਾ ਰਹਿ ਰਿਹਾ ਇਕ ਪਰਿਵਾਰ ਕੈਨੇਡਾ ਨੂੰ ਬਚ ਕੇ ਨਿਕਲਣ ਲਈ ਬੇਤਾਬ ਹੈ, ਇਹ ਉਨ੍ਹਾਂ ਹਜ਼ਾਰਾਂ ਲੋਕਾਂ ਵਿਚੋਂ ਇਕ ਪਰਿਵਾਰ ਜਿਹੜੇ ਬਾਹਰ ਨਿਕਲਣ ਦੀ ਉਡੀਕ ਕਰ ਰਹੇ ਹਨ। ਪਰਿਵਾਰ ਦੇ ਪਿਤਾ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਮੇਰਾ ਛੋਟਾ ਬੱਚਾ ਲੜਕਾ ਹੈ। ਅਸੀਂ ਇਸ ਕਮਰੇ ਵਿਚ ਰਹਿੰਦੇ ਹਾਂ, ਸਰਦੀਆਂ ਹਨ, ਸਾਡੇ ਕੋਲ ਹੀਟਰ ਵਗੈਰਾ ਕੁਝ ਵੀ ਨਹੀਂ। ਪਿਛਲੀਆਂ ਗਰਮੀਆਂ ਵਿਚ ਤਾਲਿਬਾਨ ਵਲੋਂ ਸੱਤਾ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਉਹ ਇਕ ਵਪਾਰੀ ਸੀ ਅਤੇ ਕੰਧਾਰ ਵਿਚ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਨਾਲ ਕੰਮ ਕਰਦਾ ਸੀ। ਹੁਣ ਉਹ ਤੇ ਉਸ ਦਾ ਪਰਿਵਾਰ ਤਾਲਿਬਾਨ ਦੇ ਬਦਲਾ ਲੈਣ ਤੋਂ ਡਰਦਾ ਹੈ। ਉਸ ਨੇ ਦੱਸਿਆ ਕਿ ਉਸ ਨੂੰ ਵੀਜ਼ਾ ਓਟਵਾ ਤੋਂ ਚਾਰ ਮਹੀਨੇ ਪਹਿਲਾਂ ਮਿਲ ਗਿਆ ਸੀ ਜਦੋ ਅਮਰੀਕੀ ਫ਼ੌਜਾਂ ਦੇ ਬਾਹਰ ਨਿਕਲਣ ਨਾਲ ਅਤੇ ਤਾਲਿਬਾਨ ਦੇ ਕੰਟਰੋਲ ਕਰਨ ਨਾਲ ਅਫਰਾ ਤਫਰੀ ਮਚੀ। ਕੈਨੇਡਾ ਸਮੇਤ ਵਿਸ਼ਵ ਤਾਕਤਾਂ ਨੇ ਸਹਿਯੋਗੀਆਂ ਤੇ ਸਭ ਤੋਂ ਕਮਜ਼ੋਰ ਲੋਕਾਂ ਦੀ ਮਦਦ ਕਰਨਾ ਦਾ ਵਾਅਦਾ ਕੀਤਾ ਹੈ ਪਰ ਹੁਣ ਹਜ਼ਾਰਾਂ ਲੋਕ ਫਸੇ ਹੋਏ ਹਨ, ਕੁਝ ਕੋਲ ਤਾਂ ਪਾਸਪੋਰਟ ਵੀ ਨਹੀਂ ਅਤੇ ਕਈਆਂ ਕੋਲ ਪੈਸੇ ਹੀ ਬਹੁਤ ਥੋੜੇ ਹਨ। ਤਾਲਿਬਾਨ ਦੇ ਸੱਤਾ 'ਤੇ ਕਾਬਜ਼ ਹੋਣ ਪਿੱਛੋਂ ਵਿਦੇਸ਼ੀ ਸਹਾਇਤਾ ਅਚਨਚੇਤ ਵਾਪਸ ਲੈ ਲੈਣ ਕਾਰਨ ਦੇਸ਼ ਵਿਚ ਮਾਨਵੀ ਸੰਕਟ ਗੰਭੀਰ ਹੋ ਗਿਆ ਹੈ। ਪਾਬੰਦੀਆਂ ਨਰਮ ਕਰ ਦਿੱਤੀਆਂ ਹਨ ਅਤੇ ਸੰਯੁਕਤ ਰਾਸ਼ਟਰ ਨੇ 5 ਅਰਬ ਡਾਲਰ ਸਹਾਇਤਾ ਦੀ ਅਪੀਲ ਕੀਤੀ ਹੈ। ਕੈਨੇਡਾ ਨੇ ਇਸ ਸਾਲ ਲਈ 56 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਹੈ।



## ਸਰੀ ਕੁਨੈਕਟ ਨੇ ਐਸਪੀਐਸ ਦੀ ਤਨਖਾਹ ਵਿਚ ਦੂਸਰੇ ਵਾਧੇ ਦੀ ਕੀਤੀ ਨਿਖੇਧੀ

ਸਰੀ-ਮੇਅਰ ਡੱਗ ਮੈਕਲਮ ਦੇ ਸੇਫ ਸਰੀ ਕੁਲੀਸ਼ਨ ਦੇ ਰਾਜਸੀ ਵਿਰੋਧੀ ਸਰੀ ਕੁਨੈਕਟ ਸਿਵਕ ਸਲੇਟ ਨੇ ਸਰੀ ਪੁਲਿਸ ਨਾਲ ਸ਼ਹਿਰ ਦੀਆਂ ਸੜਕਾਂ 'ਤੇ ਸਰੀ ਪੁਲਿਸ ਸਰਵਸਿਜ਼ ਦੇ 161 ਅਫਸਰਾਂ ਵਿਚੋਂ ਸਿਰਫ 29 ਵਲੋਂ ਗਸ਼ਤ ਕਰਨ ਦੇ ਬਾਵਜੂਦ 18 ਮਹੀਨਿਆਂ ਵਿਚ ਤਨਖਾਹਾਂ ਵਿਚ ਦੂਸਰੀ ਵਾਰ ਵਾਧਾ ਕਰਨ 'ਤੇ ਐਸਪੀਐਸ ਨਾਲ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਕੌਂਸਲਰ ਬਰੇਂਡਾ ਲੌਕ ਨੇ ਕਿਹਾ ਕਿ ਐਸਪੀਐਸ ਸ਼ਡਿਊਲ ਤੋਂ ਕਾਫੀ ਪਿੱਛੇ ਹੈ, ਬਜਟ ਜ਼ਿਆਦਾ ਹੈ ਅਤੇ ਸਰੀ ਦੇ ਕਰਦਾਤਾਵਾਂ ਨੂੰ ਲਗਾਤਾਰ ਟੀਕਾ ਲੱਗ ਰਿਹਾ ਹੈ। ਇਸ ਨੂੰ ਰੋਕਣਾ ਪਵੇਗਾ। ਲੌਕ ਅਕਤੂਬਰ ਵਿਚ ਸਿਵਕ ਚੋਣ ਵਿਚ ਸਰੀ ਕੁਨੈਕਟ ਦੀ ਮੇਅਰ ਅਹੁਦੇ ਦੀ ਉਮੀਦਵਾਰ ਹੋਵੇਗੀ। 2022 ਲਈ ਤਾਜ਼ਾ ਵਾਧਾ ਤਿੰਨ ਫ਼ੀਸਦੀ ਹੈ। ਪਿਛਲਾ ਵਾਧਾ ਇਕ ਫ਼ੀਸਦੀ ਦਾ ਅੱਧਾ ਸੀ। ਲੌਕ ਨੇ ਕਿਹਾ ਕਿ ਉਹ ਅਸਲ ਵਿਚ ਅਜੇ ਕੰਮ ਵੀ ਨਹੀਂ ਕਰ ਰਹੇ। ਉਨ੍ਹਾਂ ਵਿਚੋਂ ਬਹੁਤੇ ਫੀਲਡ ਵਿਚ ਵੀ ਨਹੀਂ ਆਏ। ਸਟੇਟ ਸਰੀ ਕੁਲੀਸ਼ਨ ਦੇ ਕੌਂਸਲਰ ਡੱਗ ਐਲਫੋਰਡ ਨੇ ਜਵਾਬ ਦਿੰਦਿਆਂ ਕਿਹਾ ਕਿ ਹਰ ਕਿਸੇ ਨੂੰ ਤਨਖਾਹ ਵਧਾਉਣ ਦਾ ਅਧਿਕਾਰ ਹੈ। ਇਹ ਕੋਈ ਅਸਾਧਾਰਨ ਨਹੀਂ।

## ਆਈਸੀਯੂ ਵਿਚ ਦਾਖਲ 70 ਫ਼ੀਸਦੀ ਮਰੀਜ਼ ਟੀਕਾਰਹਿਤ

ਟੋਰਾਂਟੋ-ਟੋਰਾਂਟੋ ਜਨਰਲ ਹਸਪਤਾਲ ਵਿਖੇ ਆਈਸੀਯੂ ਦੀ ਉਹ ਥਾਂ ਹੈ ਜਿਥੇ ਓਮੀਕਰੋਨ ਵੇਵ ਨੇ ਆਪਣਾ ਸਭ ਤੋਂ ਮਾੜਾ ਪੱਖ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਹਸਪਤਾਲ ਆਈਸੀਯੂ ਕੋਵਿਡ-19 ਨਾਲ ਗੰਭੀਰ ਰੂਪ ਵਿਚ ਬਿਮਾਰ ਮਰੀਜ਼ਾਂ ਨਾਲ ਭਰ ਗਿਆ ਪਰ ਉਨ੍ਹਾਂ ਵਿਚੋਂ ਬਹੁਤੇ ਉਹ ਲੋਕ ਹਨ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ। ਇਥੇ ਦੋ ਹਫ਼ਤੇ ਪਹਿਲਾਂ ਨਾਲੋਂ ਕੋਵਿਡ-19 ਦੇ ਦੁੱਗਣੇ ਮਰੀਜ਼ ਹਨ। ਯੂਨੀਵਰਸਿਟੀ ਹੈਲਥ ਨੈੱਟਵਰਕ (ਯੂਐਚਐਨ) ਵਿਖੇ ਸਾਹ ਵਿਗਿਆਨ ਦੇ ਮੁੱਖੀ ਤੇ ਟੋਰਾਂਟੋ ਜਨਰਲ ਵਿਖੇ ਗੰਭੀਰ ਦੇਖਭਾਲ ਮਾਹਿਰ ਡਾ. ਜੌਹਨ ਗਰੈਂਟਨ ਨੇ ਕਿਹਾ ਕਿ ਜਿਸ ਗਤੀ ਨਾਲ ਫੋਨ ਕਾਲਾਂ ਆ ਰਹੀਆਂ ਹਨ ਅਤੇ ਜਿਸ ਸਥਿਤੀ ਨੂੰ ਅਸੀਂ ਦੇਖ ਰਹੇ ਹਾਂ ਜੋ ਬਹੁਤ ਗੰਭੀਰ ਹੈ, ਇਸ ਲਈ ਅਸੀਂ ਉਨ੍ਹਾਂ ਲੋਕਾਂ ਦੀ ਵਧ ਰਹੀ ਗਿਣਤੀ ਲਈ ਤਿਆਰੀ ਕਰ ਰਹੇ ਹਾਂ ਜਿਹੜੇ ਸਾਡੀ ਸਹਾਇਤਾ ਮੰਗ ਰਹੇ ਹਨ। ਕਈ ਹਸਪਤਾਲਾਂ ਵਿਚ ਟੀਕਾਰਹਿਤ ਮਰੀਜ਼ਾਂ ਦੀ ਗਿਣਤੀ ਇੰਨੀ ਜ਼ਿਆਦਾ ਨਹੀਂ ਪਰ ਕੁਝ ਟੀਕਾਰਹਿਤ ਮਰੀਜ਼ਾਂ ਦੀ ਹਾਲਤ ਜ਼ਿਆਦਾ ਖਰਾਬ ਹੋਣ ਦੀ ਸੰਭਾਵਨਾ ਹੁੰਦੀ ਹੈ, ਇਸ ਤਰ੍ਹਾਂ ਹੋਰ ਮਰੀਜ਼ਾਂ ਦੇ ਟੋਰਾਂਟੋ ਜਨਰਲ ਵਰਗੇ ਹਸਪਤਾਲਾਂ ਨੂੰ ਭੇਜੇ ਜਾਣ ਦੀ ਸੰਭਾਵਨਾ ਹੈ ਜਿਹੜੇ ਗੰਭੀਰ ਆਈਸੀਯੂ ਮਾਮਲਿਆਂ ਦੀ ਦੇਖਭਾਲ ਨਾਲ ਲੈਸ ਹਨ। ਆਈਸੀਯੂ ਵਿਚ ਬਿਮਾਰ ਮਰੀਜ਼ ਨੌਜਵਾਨ ਹਨ।

## ਫੈਡਰਲ ਸਰਕਾਰ ਕੈਨੇਡੀਅਨ ਟਰੱਕ ਡਰਾਈਵਰਾਂ ਦੇ ਲਾਜ਼ਮੀ ਟੀਕਾਕਰਣ ਆਦੇਸ਼ ਤੋਂ ਪਿੱਛੇ ਹਟੀ

ਓਟਵਾ-ਫੈਡਰਲ ਸਰਕਾਰ ਕੈਨੇਡੀਅਨ ਟਰੱਕ ਡਰਾਈਵਰਾਂ ਲਈ ਆਪਣੇ ਲਾਜ਼ਮੀ ਟੀਕਾਕਰਣ ਆਦੇਸ਼ ਦੇ ਲਾਗੂ ਹੋਣ ਤੋਂ ਤਿੰਨ ਦਿਨ ਪਹਿਲਾਂ ਹੀ ਪਿੱਛੇ ਹਟ ਰਹੀ ਹੈ। ਮੱਧ ਨਵੰਬਰ ਵਿਚ ਓਟਵਾ ਨੇ ਐਲਾਨ ਕੀਤਾ ਕਿ ਕੈਨੇਡਾ ਵਿਚ ਦਾਖਲ ਹੋ ਰਹੇ ਟਰੱਕ ਡਰਾਈਵਰਾਂ ਦਾ ਇਸ ਸਨਿਚਰਵਾਰ ਤਕ ਮੁਕੰਮਲ ਟੀਕਾਕਰਣ ਹੋਣਾ ਚਾਹੀਦਾ ਹੈ ਪਰ ਬੁੱਧਵਾਰ ਸ਼ਾਮ ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਦੀ ਬੁਲਾਰਨ ਰੇਬੇਕਾ ਪੁਰਡੀ ਨੇ ਕੈਨੇਡੀਅਨ ਪ੍ਰੈਸ ਨੂੰ ਦੱਸਿਆ ਕਿ ਜੇਕਰ ਕੈਨੇਡੀਅਨ ਡਰਾਈਵਰ ਟੀਕਾਰਹਿਤ ਹਨ ਜਾਂ ਕੇਵਲ ਇਕ ਖੁਰਾਕ ਲਈ ਹੈ ਤਾਂ ਉਨ੍ਹਾਂ ਨੂੰ ਕੁਆਰਨਟੀਨ ਹੋਣ ਦੀ ਲੋੜ ਨਹੀਂ। ਕੈਨੇਡੀਅਨ ਟਰੱਕਿੰਗ ਅਲਾਇੰਸ ਪ੍ਰਧਾਨ ਸਟੀਫਨ ਲੈਸਕੋਵਸਕੀ ਲਈ ਇਹ ਖ਼ਬਰ ਹੈਰਾਨੀ ਵਾਲੀ ਹੈ ਜਿਸ ਦਾ ਕਹਿਣਾ ਕਿ ਇੰਡੀਸਟਰੀ ਦੇ ਪ੍ਰਤੀਨਿਧ ਹਾਲ ਹੀ ਵਿਚ ਸਰਕਾਰੀ ਅਧਿਕਾਰੀਆਂ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਆਦੇਸ਼ 15 ਜਨਵਰੀ ਤੋਂ ਲਾਗੂ ਹੋ ਰਿਹਾ ਹੈ। ਸਰਹੱਦ ਦੇ ਦੋਵਾਂ ਪਾਸਿਆਂ ਦੀਆਂ ਟਰੇਡ ਐਸੋਸੀਏਸ਼ਨਾਂ ਪਾਬੰਦੀ ਵਿਚ ਦੇਰੀ 'ਤੇ ਜ਼ੋਰ ਦੇ ਰਹੀਆਂ ਸਨ, ਜਿਸ ਬਾਰੇ ਉਨਾਂ ਦਾ ਕਹਿਣਾ ਕਿ ਕੋਵਿਡ-19 ਵਿਚ ਤੇਜ਼ੀ ਦਰਮਿਆਨ ਸਪਲਾਈ ਚੇਨਸ 'ਤੇ ਵਾਧੂ ਦਬਾਅ ਪਵੇਗਾ ਅਤੇ ਕਾਮਿਆਂ ਦੀ ਭਾਰੀ ਥੁੜ ਹੋ ਜਾਵੇਗੀ। ਨਵਾਂ ਨਿਯਮ ਅਮਰੀਕੀ ਟਰੱਕ ਡਰਾਈਵਰਾਂ ਲਈ ਅਜੇ ਵੀ ਲਾਗੂ ਹੈ ਜਿਨ੍ਹਾਂ ਨੂੰ ਮੁਕੰਮਲ ਟੀਕਾਕਰਣ ਨਾ ਹੋਣ ਦੀ ਸੂਰਤ ਵਿਚ ਸਰਹੱਦ ਤੋਂ ਮੋੜ ਦਿੱਤਾ ਜਾਵੇਗਾ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S&S Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਸੰਪਾਦਕੀ

# ਭਾਜਪਾ ਦੀ ਫਲਾਪ ਰੈਲੀ ਤੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਦਾ ਮੁੱਦਾ...

ਸੁਖਵਿੰਦਰ ਸਿੰਘ ਚੋਹਲਾ

**"ਅਪਨੇ ਸੀ ਐਮ ਕੋ ਧੰਨਵਾਦ ਕਹਿਨਾ ਕਿ ਮੈਂ ਬਠਿੰਡਾ ਏਅਰਪੋਰਟ ਤੱਕ ਜ਼ਿੰਦਾ ਲੌਟ ਆਇਆ ਹੂੰ"**

ਬੀਤੀ 5 ਜਨਵਰੀ ਨੂੰ ਭਾਜਪਾ ਵਲੋਂ ਵੱਡੇ ਪੱਧਰ ਤੇ ਪ੍ਰਚਾਰੀ ਗਈ ਫਿਰੋਜਪੁਰ ਰੈਲੀ ਨੂੰ ਮਜਬੂਰਨ ਰੱਦ ਕਰਨ ਅਤੇ ਕਿਸਾਨ ਜਥੇਬੰਦੀਆਂ ਦੇ ਵਿਰੋਧ ਕਾਰਣ ਟਰੈਫਿਕ ਵਿਚ ਫਸ ਜਾਣ ਉਪਰੰਤ ਬਠਿੰਡਾ ਹਵਾਈ ਅੱਡੇ 'ਤੇ ਵਾਪਿਸ ਪਰਤੇ ਪ੍ਰਧਾਨ ਮੰਤਰੀ ਮੋਦੀ ਵਲੋ ਉਕਤ ਸ਼ਬਦਾਂ ਦਾ ਪ੍ਰਗਟਾਵਾ ਕੋਈ ਸਹਿਜ ਨਹੀ ਹੈ। ਇਹਨਾਂ ਸ਼ਬਦਾਂ ਦੇ ਪ੍ਰਗਟਾਵੇ ਪਿੱਛੇ ਉਹਨਾਂ ਦਾ ਪੰਜਾਬ ਦੀ ਕਾਂਗਰਸ ਸਰਕਾਰ ਪ੍ਰਤੀ ਗੁੱਸਾ ਤੇ ਕਿਸਾਨ ਅੰਦੋਲਨਕਾਰੀਆਂ ਪ੍ਰਤੀ ਨਫਰਤ ਦਾ ਭਰਵਾਂ ਖੁਲਾਸਾ ਹੈ। ਪ੍ਰਧਾਨ ਮੰਤਰੀ ਫਿਰੋਜਪੁਰ ਰੈਲੀ ਵਿਚ ਹਿੱਸਾ ਲੈਣ ਲਈ ਬਠਿੰਡਾ ਏਅਰਪੋਰਟ ਤੇ ਪੁੱਜੇ ਸਨ। ਉਹਨਾਂ ਨੇ ਇਥੋਂ ਹੈਲੀਕਾਪਟਰ ਰਾਹੀਂ ਹੁਸੈਨੀਵਾਲਾ ਵਿਖੇ ਸ਼ਹੀਦੀ ਸਮਾਰਕ ਉਪਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਰੈਲੀ ਵਿਚ ਪੁੱਜਣਾ ਸੀ। ਪਰ ਮੌਸਮ ਦੀ ਖਰਾਬੀ ਕਾਰਣ ਉਹਨਾਂ ਨੇ ਸੜਕ ਰਸਤੇ ਜਾਣ ਦਾ ਫੈਸਲਾ ਲਿਆ। ਉਹਨਾਂ ਦਾ ਕਾਫਲਾ ਹੁਸੈਨੀਵਾਲਾ ਤੋਂ 30 ਕਿਲੋਮੀਟਰ ਦੂਰੀ 'ਤੇ ਸੀ ਕਿ ਇਕ ਫਲਾਈਓਵਰ ਉਪਰ ਕਿਸਾਨ ਅੰਦੋਲਨਕਾਰੀਆਂ ਦੇ ਰੋਸ ਮੁਜ਼ਾਹਰੇ ਤੇ ਜਾਮ ਕਾਰਣ ਕਾਫਲੇ ਨੂੰ ਰੁਕਣ ਲਈ ਮਜ਼ਬੂਰ ਹੋਣਾ ਪਿਆ। ਪ੍ਰਧਾਨ ਮੰਤਰੀ ਨੂੰ ਸੜਕ ਉਪਰ ਲਗਪਗ 15-20 ਮਿੰਟ ਇੰਤਜ਼ਾਰ ਕਰਨਾ ਪਿਆ। ਬਾਦ ਵਿਚ ਉਹਨਾਂ ਦੇ ਸੁਰੱਖਿਆ ਅਧਿਕਾਰੀਆਂ ਨੇ ਵਾਪਿਸ ਮੁੜਨ ਦਾ ਫੈਸਲਾ ਲਿਆ। ਪ੍ਰਧਾਨ ਮੰਤਰੀ ਦਾ ਕਾਫਲਾ ਰੁਕਣ ਸਮੇਂ ਸੜਕ ਉਪਰ ਭਾਜਪਾ ਵਰਕਰਾਂ ਦੀਆਂ ਗੱਡੀਆਂ ਅਤੇ ਕਿਸਾਨ ਅੰਦੋਲਨਕਾਰੀਆਂ ਵਿਚਾਲੇ ਨਾਅਰੇਬਾਜ਼ੀ ਦੀਆਂ ਵੀਡੀਓ ਸਾਹਮਣੇ ਆਈਆਂ ਹਨ। ਪੰਜਾਬ ਪੁਲਿਸ ਜਾਮ ਖੁਲਵਾਉਣ ਵਿਚ ਨਾਕਾਮਯਾਬ ਰਹੀ ਤੇ ਇਸ ਉਪਰੰਤ ਹੀ ਪ੍ਰਧਾਨ ਮੰਤਰੀ ਨੇ ਵਾਪਿਸ ਜਾਣ ਦਾ ਫੈਸਲਾ ਲਿਆ। ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਦਾ ਕਾਫਲਾ ਪੰਜਾਬ ਪੁਲਿਸ ਦੇ ਮੁਖੀ ਤੋ ਕਲੀਅਰੈਂਸ ਲੈਣ ਉਪਰੰਤ ਹੀ ਸੜਕ ਰਸਤੇ ਰਵਾਨਾ ਹੋਇਆ ਸੀ ਪਰ ਕੀ ਕਾਰਣ ਸਨ ਕਿ ਉਹਨਾਂ ਦਾ ਕਾਫਲਾ ਜਾਮ ਵਿਚ ਘਿਰ ਗਿਆ? ਇਸ ਮਾਮਲੇ ਨੂੰ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਵਜੋ ਵੇਖਿਆ ਜਾ ਰਿਹਾ ਹੈ। ਕੇਂਦਰੀ ਸੁਰੱਖਿਆ ਏਜੰਸੀ ਦੀ ਰਿਪੋਰਟ ਮੁਤਾਬਿਕ ਪ੍ਰਧਾਨ ਮੰਤਰੀ ਦੇ ਦੌਰੇ ਅਤੇ ਟਰੈਵਲ ਯੋਜਨਾ ਬਾਰੇ ਪੰਜਾਬ ਸਰਕਾਰ ਨੂੰ ਅਗਾਊਂ ਪੂਰੀ ਜਾਣਕਾਰੀ ਸੀ। ਨਿਯਮਾਂ ਮੁਤਾਬਿਕ ਪੰਜਾਬ ਪੁਲਿਸ ਨੇ ਪ੍ਰਧਾਨ ਮੰਤਰੀ ਦੀ ਯਾਤਰਾ ਵਾਸਤੇ ਸਾਰੇ ਪ੍ਰਬੰਧ ਕਰਨੇ ਸਨ। ਸੜਕੀ ਰਸਤੇ ਜਾਣ ਦੀ ਸੂਰਤ ਵਿਚ ਐਮਰਜੈਂਸੀ ਯੋਜਨਾ ਵੀ ਤਿਆਰ ਰੱਖਣੀ ਸੀ। ਵਾਧੂ ਸੁਰੱਖਿਆ ਦਸਤੇ ਵੀ ਤਾਇਨਾਤ ਕਰਨੇ ਸਨ। ਪਰ ਪ੍ਰਧਾਨ ਮੰਤਰੀ ਦੇ ਬਠਿੰਡਾ ਤੋਂ ਸੜਕ ਰਸਤੇ





ਆਉਂਦਿਆਂ ਜੋ ਕੁਝ ਵਾਪਰਿਆ ਇਹ ਸਭ ਵੱਡੀ ਸੁਰੱਖਿਆ ਕੁਤਾਹੀ ਮੰਨੀ ਜਾ ਰਹੀ ਹੈ ਜਾਂ ਸੁਰੱਖਿਆ ਵਿਚ ਕੁਤਾਹੀ ਦਾ ਤੂਫਾਨ ਖੜਾ ਕਰ ਦਿੱਤਾ ਗਿਆ ਹੈ। ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਇਸਨੂੰ ਸੁਰੱਖਿਆ ਵਿਚ ਕੁਤਾਹੀ ਮੰਨਣ ਲਈ ਤਿਆਰ ਨਹੀਂ। ਉਹਨਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਏਜੰਸੀ ਨੇ ਐਨ ਮੌਕੇ ਤੇ ਆਪਣੀ ਯੋਜਨਾ ਵਿਚ ਤਬਦੀਲੀ ਕੀਤੀ ਜਿਸ ਲਈ ਪੰਜਾਬ ਸਰਕਾਰ ਨੂੰ ਸੂਚਿਤ ਨਹੀ ਕੀਤਾ ਗਿਆ। ਉਹਨਾਂ ਨੇ ਉਲਟਾ ਇਸ ਮਾਮਲੇ ਨੂੰ ਭਾਜਪਾ ਵਲੋਂ ਸਿਆਸੀ ਮੁੱਦਾ ਬਣਾਉਣ ਦਾ ਦੋਸ਼ ਲਗਾਉਂਦਿਆ ਕਿਹਾ ਹੈ ਕਿ ਫਿਰੋਜ਼ਪੁਰ ਰੈਲੀ ਵਿਚ ਲੋਕਾਂ ਦਾ ਇਕੱਠ ਨਾ ਹੋਣ ਕਾਰਣ ਆਪਣੀ ਅਸਫਲਤਾ ਛੁਪਾਉਣ ਲਈ ਸੁਰੱਖਿਆ ਕੁਤਾਹੀ ਦਾ ਬਹਾਨਾ ਬਣਾਇਆ ਗਿਆ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਭਾਵੇਂਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਲਈ ਅਫਸੋਸ ਪ੍ਰਗਟ ਕਰਦਿਆਂ ਮਾਮਲੇ ਦੀ ਜਾਂਚ ਕਰਵਾਉਣ ਦੀ ਗੱਲ ਕੀਤੀ ਹੈ ਪਰ ਕਾਂਗਰਸ ਦੇ ਅਧਿਕਾਰਿਤ ਬੁਲਾਰੇ ਨੇ ਮੁੱਖ ਮੰਤਰੀ ਚੰਨੀ ਦਾ ਪੱਖ ਪੂਰਦਿਆਂ ਭਾਜਪਾ ਨੂੰ ਇਸ ਮੁੱਦੇ ਉਪਰ ਸਿਆਸਤ ਕਰਨੋਂ ਬਾਜ ਆਉਣ ਲਈ ਕਿਹਾ ਹੈ। ਭਾਜਪਾ ਆਗੂਆਂ ਨੇ ਬਿਆਨਬਾਜ਼ੀ ਦੀ ਵਾਛੜ ਕਰਦਿਆਂ ਫਿਰੋਜ਼ਪੁਰ ਰੈਲੀ ਨੂੰ ਅਸਫਲ ਬਣਾਉਣ ਲਈ ਚੰਨੀ ਸਰਕਾਰ ਦੀ ਸਾਜਿਸ਼ ਦੱਸਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਚੰਨੀ ਸਰਕਾਰ ਦੀ ਖਾਸ ਹਦਾਇਤ ਉਪਰ ਭਾਜਪਾ ਵਰਕਰਾਂ ਨੂੰ ਫਿਰੋਜ਼ਪੁਰ ਰੈਲੀ ਵਿਚ ਜਾਣ ਤੋ ਰੋਕਿਆ ਗਿਆ। ਇਸ ਲਈ ਪੰਜਾਬ ਪੁਲਿਸ ਵਲੋ ਕਿਸਾਨ ਅੰਦੋਲਨਕਾਰੀਆਂ ਨਾਲ ਰਲਕੇ ਭਾਜਪਾ ਵਰਕਰਾਂ ਦੀਆਂ ਗੱਡੀਆਂ ਨੂੰ ਰੋਕੇ ਜਾਣ ਦੀਆਂ ਵੀਡੀਓ ਪੇਸ਼ ਕੀਤੀਆਂ ਜਾ ਰਹੀਆਂ ਹਨ। ਉਧਰ ਪ੍ਰਧਾਨ ਮੰਤਰੀ ਦੀ ਰੈਲੀ ਦਾ ਵਿਰੋਧ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਹਨਾਂ ਵਲੋ ਪ੍ਰਧਾਨ ਮੰਤਰੀ ਦੀ ਕਾਨਵਾਈ ਨੂੰ ਰੋਕਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਉਹਨਾਂ ਦਾ ਪ੍ਰੋਗਰਾਮ ਤਾਂ ਕੇਵਲ ਵਿਰੋਧ ਪ੍ਰਦਰਸ਼ਨ ਤੱਕ ਸੀਮਤ ਸੀ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦੀ ਰੈਲੀ ਨੂੰ ਰੋਕੇ ਜਾਣ ਦੀ ਚਿਤਾਵਨੀ ਪੰਨੂ-ਪੰਧੇਰ ਵਾਲੀ ਉਸ ਕਿਸਾਨ ਜਥੇਬੰਦੀ ਵਲੋ ਦਿੱਤੀ ਗਈ ਸੀ ਜਿਸਨੇ ਕਿਸਾਨ ਅੰਦੋਲਨ ਦੇ ਚਲਦਿਆਂ 26 ਜਨਵਰੀ ਦੀ ਲਾਲ ਕਿਲਾ ਘਟਨਾ ਵਿਚ ਮੋਹਰੀ ਭੂਮਿਕਾ ਨਿਭਾਈ ਸੀ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਜਪਾ ਰੈਲੀ ਰੱਦ ਹੋਣ ਅਤੇ ਪ੍ਰਧਾਨ ਮੰਤਰੀ ਦਾ ਵਾਪਿਸ ਪਰਤਣਾ ਕਿਸੇ ਸਿਆਸੀ ਚਾਲਬਾਜ਼ੀ ਵੱਲ ਇਸ਼ਾਰਾ ਹੈ। ਪ੍ਰਧਾਨ ਮੰਤਰੀ ਦਾ ਬਠਿੰਡਾ ਏਅਰਪੋਰਟ 'ਤੇ ਮਾਮਲੇ ਨੂੰ ਸੰਵੇਦਨਸ਼ੀਲ ਬਣਾਉਣ ਵਾਲਾ ਬਿਆਨ ਤੇ ਭਾਜਪਾ ਆਗੂਆਂ ਵਲੋ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਲਈ ਕਾਂਗਰਸੀ ਸਾਜਿਸ਼ ਨੂੰ ਜੋੜਨਾ ਸਿਰ ਆਈਆਂ ਵਿਧਾਨ ਸਭਾ ਚੋਣਾਂ ਵਿਚ ਹਿੰਦੂ ਵੋਟਰਾਂ ਅੰਦਰ ਇਕ ਡਰ ਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰਕੇ ਭਾਜਪਾ ਦੇ ਹੱਕ ਵਿਚ ਮਾਹੌਲ ਤਿਆਰ ਕਰਨਾ ਹੈ। ਪ੍ਰਧਾਨ ਮੰਤਰੀ ਦੇ ਬਿਆਨ ਅਤੇ ਭਾਜਪਾ ਪ੍ਰਚਾਰ ਮੁਹਿੰਮ ਵਿਚ ਕਿਸਾਨ ਅੰਦੋਲਨਕਾਰੀਆਂ ਨੂੰ ਦੇਸ਼ ਲਈ ਵੱਡਾ ਖਤਰਾ ਸਾਬਿਤ ਕਰਨ ਦੀ ਕੋਸ਼ਿਸ਼ ਵਜੋਂ ਆਪਣੇ ਵੋਟਰਾਂ ਵਿਚਾਲੇ ਨਫਰਤੀ ਭਾਵਨਾ ਨੂੰ ਉਤੇਜਿਤ ਕਰਨਾ ਹੈ। ਇਸ ਸਬੰਧ ਵਿਚ ਕੁਝ ਕੱਟੜਪੰਥੀ ਭਾਜਪਾ ਆਗੂਆਂ ਦੀ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਖਿਲਾਫ ਨਫਰਤੀ ਬਿਆਨਬਾਜ਼ੀ ਚਿੰਤਾਜਨਕ ਹੈ। ਅਜਿਹੀ ਬਿਆਨਬਾਜ਼ੀ ਦੀ ਨਿੰਦਾ ਕਰਨੀ ਬਣਦੀ ਹੈ ਪਰ ਜਦੋ ਦੇਸ਼ ਦਾ ਪ੍ਰਧਾਨ ਮੰਤਰੀ ਹੀ ਸਿਆਸੀ ਲਾਹੇ ਹਿੱਤ ਨਫਰਤੀ ਸੁਰ ਛੇੜਨ ਦੀ ਸ਼ਰਾਰਤ ਕਰ ਰਿਹਾ ਹੋਵੇ ਤਾਂ ਕੌਣ ਕਹੇ 'ਰਾਣੀਏ ਅੱਗਾ ਢੱਕ'? ਪ੍ਰਧਾਨ ਮੰਤਰੀ ਦੀ ਫਿਰੋਜ਼ਪੁਰ ਰੈਲੀ ਜਿਸਨੂੰ ਪੰਜਾਬ ਲਈ ਇਕ ਵੱਡੇ ਤੋਹਫੇ ਦੀ ਉਮੀਦ ਵਜੋ ਪ੍ਰਚਾਰਿਆ ਜਾ ਰਿਹਾ ਸੀ, ਦੇ ਫਲਾਪ ਹੋਣ ਉਪਰੰਤ ਪੰਜਾਬ ਨੂੰ ਵੱਡਾ ਘਾਟਾ ਪੈਣ ਦੀਆਂ ਦੁਹਾਈਆਂ ਵੀ ਦਿੱਤੀਆਂ ਜਾ ਰਹੀਆਂ ਹਨ। ਸਵਾਲ ਹੈ ਕਿ ਕੀ ਵੋਟਾਂ ਰਾਹੀ ਬਣੇ ਤਾਜ਼ਦਾਰਾਂ ਨੂੰ ਲੋਕ ਭਲਾਈ ਦੇ ਕੰਮਾਂ ਦੇ ਐਲਾਨ ਲਈ ਕੇਵਲ ਜੈ- ਜੈਕਾਰ ਵਾਲੀਆਂ ਰੈਲੀਆਂ ਹੀ ਦਰਕਾਰ ਹਨ? ਤਿੰਨ ਖੇਤੀ ਕਨੂੰਨਾਂ ਨੂੰ ਇਕਤਰਫਾ ਰੱਦ ਕਰਨ ਦੇ ਐਲਾਨ ਉਪਰੰਤ ਪ੍ਰਧਾਨ ਮੰਤਰੀ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਐਮ ਐਸ ਪੀ ਗਾਰੰਟੀ ਕਨੂੰਨ, ਅੰਦੋਲਨਕਾਰੀ ਕਿਸਾਨਾਂ ਖਿਲਾਫ ਦਰਜ ਕੇਸ ਵਾਪਿਸ ਲੈਣ ਅਤੇ ਹੋਰ ਮੰਗਾਂ ਬਾਰੇ ਕੀਤੇ ਇਕਰਾਰ ਸਬੰਧੀ ਜ਼ਾਹਰਾ ਰੂਪ ਵਿਚ ਅਜੇ ਤੱਕ ਕੋਈ ਕਦਮ ਨਹੀ ਪੁੱਟਿਆ। ਇਥੋ ਤੱਕ ਕਿ ਕਿਸਾਨ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਗਵਾਉਣ ਵਾਲੇ 700 ਦੇ ਕਰੀਬ ਕਿਸਾਨਾਂ ਬਾਰੇ ਅੱਜ ਤੱਕ ਅਫਸੋਸ ਦਾ ਇਕ ਸ਼ਬਦ ਨਹੀ ਬੋਲਿਆ। ਕੀ ਉਹ ਸਮਝਦੇ ਹਨ ਕਿ ਆਪਣੇ ਇਕਤਰਫਾ ਐਲਾਨ ਉਪਰੰਤ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਚੋਣਾਂ ਦੇ ਨਾਮ ਉਪਰ ਉਲਝਾਉਣ ਨਾਲ ਹੀ ਉਹ ਆਪਣੀ ਰਾਜਸੀ ਖੇਡ ਸੁਰੱਖਿਅਤ ਕਰ ਲੈਣਗੇ?

ਭਾਜਪਾ ਦੀ ਰੈਲੀ ਦੇ ਫਲਾਪ ਹੋਣ, ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਤੇ ਹੋਰ ਕਈ ਮੁੱਦਿਆਂ ਉਪਰ ਬਹਿਸਬਾਜ਼ੀ ਤੇ ਦੂਸ਼ਣਬਾਜੀ ਪਿਛੇ ਰਾਜਸੀ ਧਿਰਾਂ ਦੇ ਨਫੇ ਨੁਕਸਾਨ ਆਂਕੇ ਜਾ ਸਕਦੇ ਹਨ ਪਰ ਇਸ ਗੱਲੋ ਇਨਕਾਰੀ ਹੋਣਾ ਮੁਸ਼ਕਲ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਦੀ ਜ਼ਿੰਮੇਵਾਰੀ ਸਿਆਸੀ ਨਹੀਂ ਪ੍ਰਸ਼ਾਸ਼ਨਿਕ ਹੈ। ਸੁਰੱਖਿਆ ਜ਼ਿੰਮੇਵਾਰੀਆਂ ਨਾਲ ਜੁੜੇ ਪੁਲਿਸ ਅਧਿਕਾਰੀ ਅਗਰ ਇਸ ਮਾਮਲੇ ਵਿਚ ਸਿਆਸੀ ਪ੍ਰਭੂਆਂ ਦਾ ਦਮ ਭਰਨਗੇ ਤਾਂ ਕੁਤਾਹੀ ਦਾ ਭਾਂਡਾ ਆਖਰ ਉਹਨਾਂ ਦੇ ਆਪਣੇ ਸਿਰ ਹੀ ਭੱਜੇਗਾ। ਨਤੀਜਾ ਸਾਹਮਣੇ ਹੈ। ਪੁਲਿਸ ਮੁਖੀ ਦਾ ਅਹੁਦਾ ਵੀ ਗਿਆ ਤੇ ਕੇਂਦਰੀ ਗ੍ਰਹਿ ਵਿਭਾਗ ਦੇ ਕਾਰਣ ਦੱਸੋ ਨੋਟਿਸ ਦਾ ਜਵਾਬ ਦਿੰਦਿਆਂ ਹੁਣ ਸ਼ਾਇਦ ਪੈਨਸ਼ਨ ਵੀ ਜਾਂਦੀ ਰਹੇਗੀ....


UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
- ਕਾਰ - ਟਰੱਕ
- ਘਰਾਂ ਦੀ ਇੰਸ਼ੋਰੈਂਸ
- ਬਿਜ਼ਨੈਸ - ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

# ਕਾਰੋਬਾਰ ਰਾਹਤ ਗ੍ਰਾਂਟ ਲਈ ਅਰਜ਼ੀਆਂ ਜਮ੍ਹਾਂ ਕਰਵਾਉਣ ਦਾ ਅਮਲ ਸ਼ੁਰੂ

ਵੈਨਕੂਵਰ-ਓਮੀਕਰੋਨ ਵੈਰੀਐਂਟ ਦੇ ਤੇਜ਼ੀ ਨਾਲ ਫੈਲਣ ਕਾਰਨ ਆਪਣੇ ਦਰਵਾਜੇ ਬੰਦ ਕਰਨ ਲਈ ਮਜ਼ਬੂਰ ਹੋਏ ਕਾਰੋਬਾਰ ਹੁਣ ਤਿੰਨ ਹਫ਼ਤੇ ਪਹਿਲਾਂ ਵਾਅਦਾ ਕੀਤੇ ਫੰਡਾਂ ਲਈ ਅਰਜ਼ੀ ਦੇਣਾ ਸ਼ੁਰੂ ਕਰ ਸਕਦੇ ਹਨ। ਅਰਜ਼ੀਆਂ ਜਮ੍ਹਾਂ ਕਰਵਾਉਣ ਦਾ ਸਮਾਂ ਕੁਝ ਦਿਨ ਬਚਿਆ ਹੈ। ਕੋਵਿਡ-19 ਕਲੋਜ਼ਰ ਰਾਹਤ ਗਰਾਂਟ ਦਾ ਐਲਾਨ ਕ੍ਰਿਸਮਸ ਤੋਂ ਪਹਿਲਾਂ ਕੀਤਾ ਗਿਆ ਸੀ ਅਤੇ ਇਕ ਵਾਰ ਫੰਡਿੰਗ ਦਾ ਮਤਲਬ ਉਨ੍ਹਾਂ ਕਾਰੋਬਾਰਾਂ ਲਈ ਹੈ ਜਿਹੜੇ ਮਹਾਂਮਾਰੀ ਪਾਬੰਦੀਆਂ ਦੇ ਤਾਜ਼ਾ ਦੌਰ ਵਿਚ ਪੂਰੀ ਤਰ੍ਹਾਂ ਬੰਦ ਹੋ ਗਏ ਸਨ। ਜਿੰਮ, ਫਿਟਨੈਸ ਸੈਂਟਰ, ਬਾਰਾਂ, ਲੌਂਜਸ, ਨਾਈਟਕਲੱਬ ਅਤੇ ਉਹ ਸਥਾਨ ਜਿਹੜੇ ਸਮਾਗਮ ਨਹੀਂ ਕਰਵਾ ਸਕੇ ਸਾਰੇ ਇਸ ਲਈ ਯੋਗ ਹਨ। ਬੀਸੀ ਦੇ ਆਰਥਿਕ ਰਿਕਵਰੀ ਮੰਤਰੀ ਰਵੀ ਕਾਹਲੋਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੂਬਾ ਨੇ ਇਹ ਯਕੀਨੀ ਬਣਾਉਣਾ ਹੈ ਕਿ ਗਰਾਂਟ ਜਿਹੜੀ ਕਲੋਜ਼ਰ ਹੁਕਮ ਤੋਂ ਦੋ ਦਿਨ ਬਾਅਦ 22 ਦਸੰਬਰ ਨੂੰ ਐਲਾਨ ਗਈ ਸੀ ਫੈਡਰਲ ਫੰਡਿੰਗ ਨੂੰ ਓਵਰਲੈਪ ਨਾ ਕਰੇ । ਜਨਤਕ ਸਿਹਤ ਹੁਕਮ ਰਾਹੀਂ 18 ਜਨਵਰੀ ਤਕ ਨਾਈਟਕਲੱਬਸ, ਫਿਟਨਸ ਸਟੂਡੀਓ ਤੇ ਜਿੰਮ ਬੰਦ ਕਰ ਦਿੱਤੇ ਗਏ ਸਨ। ਆਨਲਾਈਨ ਅਰਜ਼ੀਆਂ ਬੁੱਧਵਾਰ ਸਵੇਰੇ ਖੁਲ੍ਹੀਆਂ ਹਨ ਅਤੇ ਕਾਰੋਬਰਾਂ ਨੂੰ ਉਨ੍ਹਾਂ ਦੇ ਵਰਕਰਾਂ ਦੀ ਗਿਣਤੀ ਮੁਤਾਬਿਕ 1000 ਤੋਂ 10000 ਡਾਲਰ ਵਿਚਕਾਰ ਗਰਾਂਟ ਮਿਲੇਗੀ। ਇਹ ਪੈਸਾ ਕਿਰਾਏ, ਮੁਲਾਜ਼ਮਾਂ ਦੀਆਂ ਤਨਖਾਹਾਂ, ਬੀਮਾ, ਰੱਖ-ਰਖਾਅ ਤੇ ਸਹੂਲਤਾਂ 'ਤੇ ਖਰਚ ਕੀਤਾ ਜਾ ਸਕਦਾ ਹੈ।

# ਕਾਮਾਗਾਟਾਮਾਰੂ ਯਾਦਗਾਰ ਦੀ ਭੰਨਤੋੜ ਮਾਮਲੇ ਵਿਚ ਸ਼ਰਾਰਤ ਦੇ ਦੋਸ਼ ਆਇਦ-ਸ਼ੱਕੀ ਦੀ ਭਾਲ ਜਾਰੀ

ਵੈਨਕੂਵਰ-ਇਥੇ ਕਾਮਾਗਾਟਾਮਾਰੂ ਦੀ ਜਨਤਕ ਯਾਦਗਾਰ ਦੀ ਭੰਨਤੋੜ ਕਰਨ ਤੋਂ ਲਗਪਗ ਪੰਜ ਮਹੀਨੇ ਪਿੱਛੋਂ ਸਥਾਨਕ ਪੁਲਿਸ ਨੇ ਕਿਹਾ ਕਿ ਇਕ ਵਿਅਕਤੀ ਖਿਲਾਫ ਸ਼ਰਾਰਤ ਦੇ ਦੋਸ਼ ਲਗਾਏ ਗਏ ਹਨ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਗਏ ਹਨ। ਪਿਛਲੇ ਸਾਲ ਅਗਸਤ ਵਿਚ ਕੋਲ ਹਾਰਬਰ ਵਿਚ ਕਾਮਾਗਾਟਾਮਾਰੂ ਯਾਦਗਾਰ ਨੂੰ ਚਿੱਟੇ ਪੇਂਟ ਨਾਲ ਖਰਾਬ ਕਰ ਦਿੱਤਾ ਸੀ। ਯਾਦਗਾਰ 'ਤੇ ਉਨ੍ਹਾਂ ਲਗਪਗ 400 ਵਿਅਕਤੀਆਂ ਦੇ ਨਾਂਅ ਲਿਖੇ ਹੋਏ ਹਨ ਜਿਹੜੇ 1914 ਵਿਚ ਸਮੁੰਦਰੀ ਜਹਾਜ਼ ਕਾਮਾਗਾਟੂਮਾਰੂ ਰਾਹੀਂ ਵੈਨਕੂਵਰ ਪੁੱਜੇ ਸਨ ਪਰ ਉਨ੍ਹਾਂ ਨੂੰ ਸ਼ਹਿਰ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪੁਲਿਸ ਨੇ ਦੱਸਿਆ ਕਿ ਘਟਨਾ ਦੀ ਸਮੇਂ ਸਿਰ ਪੁਲਿਸ ਨੂੰ ਸ਼ਿਕਾਇਤ ਨਹੀਂ ਕੀਤੀ ਗਈ ਸਿਰਫ ਸੋਸ਼ਲ ਮੀਡੀਆ 'ਤੇ ਚਰਚਾ ਕੀਤੀ ਗਈ। ਜਾਂਚ ਅਧਿਕਾਰੀਆਂ ਨੇ ਮੌਕੇ ਤੋਂ ਸਬੂਤ ਇਕੱਤਰ ਕੀਤੇ ਅਤੇ ਸ਼ੱਕੀ ਦੀ ਪਛਾਣ ਕਰਨ ਦੇ ਸਮਰਥ ਹੋਏ।

# ਟੀਕਾਰਹਿਤ ਲੋਕਾਂ ਖਿਲਾਫ ਸਖਤ ਉਪਾਵਾਂ ਨੇ ਕੰਮ ਕੀਤਾ-ਟਰੂਡੋ



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਊਬਕ ਦੇ ਟੀਕਾਰਹਿਤ ਲੋਕਾਂ ਖਿਲਾਫ ਪ੍ਰਸਤਾਵਤ ਟੈਕਸ ਦਾ ਪੱਖ ਪੂਰਦਿਆਂ ਕਿਹਾ ਕਿ ਕੋਵਿਡ-19 ਖਿਲਾਫ ਲੜਾਈ ਵਿਚ ਇਨਸੈਂਟਿਵ ਤੇ ਮਜ਼ਬੂਤ ਕਦਮਾਂ ਨੇ ਕੰਮ ਕੀਤਾ ਹੈ। ਮਹਾਂਮਾਰੀ ਦੀ ਤਾਜ਼ਾ ਜਾਣਕਾਰੀ ਦੇਣ ਸਮੇਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਕਿਹਾ ਕਿ ਫੈਡਰਲ ਸਰਕਾਰ ਕਿਊਬਕ ਦੇ ਮੈਡੀਕਲ ਛੋਟ ਤੋਂ ਬਿਨ੍ਹਾਂ ਲੋਕਾਂ ਨੂੰ ਜ਼ੁਰਮਾਨਾ ਲਾਉਣ ਦੀ ਯੋਜਨਾ ਦੀ ਸਮੀਖਿਆ ਕਰ ਰਿਹਾ ਹੈ ਅਤੇ ਸੂਬੇ ਤੋਂ ਹੋਰ ਵੇਰਵਿਆਂ ਦੀ ਉਡੀਕ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਜਿਵੇਂ ਅਸੀਂ ਕਿਹਾ ਕਿ ਇਨਸੈਂਟਿਵ ਅਤੇ ਮਜ਼ਬੂਤ ਉਪਾਅ ਚਾਹੇ ਵੈਕਸੀਨ ਪਾਸਪੋਰਟ ਹੋਣ, ਚਾਹੇ ਇਹ ਯਾਤਰੀਆਂ ਲਈ ਸ਼ਰਤਾਂ ਹੋਣ, ਚਾਹੇ ਇਹ ਸਰਕਾਰੀ ਨੌਕਰਾਂ ਲਈ ਮੁਕੰਮਲ ਟੀਕਾਕਰਣ ਦੀ ਸ਼ਰਤ ਹੋਵੇ, ਅਸੀਂ ਬੀਤੇ ਸਮੇਂ ਵਿਚ ਬਹੁਤ ਮਜ਼ਬੂਤ ਕਦਮ ਚੁੱਕੇ ਹਨ ਅਤੇ ਉਨ੍ਹਾਂ ਨੇ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਵਿਚ ਕੰਮ ਕੀਤਾ ਹੈ। ਅਸੀਂ ਸੂਬਿਆਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਅਤੇ ਉਪਾਵਾਂ ਨੂੰ ਅੱਗੇ ਲੈ ਕੇ ਜਾਵਾਂਗੇ। ਕਿਊਬਕ ਨੇ ਮੰਗਲਵਾਰ ਨੇ ਐਲਾਨ ਕੀਤਾ ਕਿ ਉਹ ਟੀਕਾ ਲਗਵਾਉਣ ਤੋਂ ਇਨਕਾਰ ਕਰਨ ਵਾਲੇ ਲੋਕਾਂ ਨੂੰ ਵਿੱਤੀ ਜ਼ੁਰਮਾਨਾ ਲਗਾਵੇਗਾ ਕਿਉਂਕਿ ਹੈਲਥ ਕੇਅਰ ਸਿਸਟਮ ਕੋਵਿਡ-19 ਮਾਮਲਿਆਂ ਦਾ ਲਗਾਤਾਰ ਦਬਾਅ ਮਹਿਸੂਸ ਕਰ ਰਿਹਾ ਹੈ। ਸਿਹਤ ਮੰਤਰੀ ਜੀਨ-ਯਵੇਸ ਡੁਕਲੋਸ ਨੇ ਪ੍ਰਧਾਨ ਮੰਤਰੀਆਂ ਦੀਆਂ ਟਿੱਪਣੀਆਂ ਵਿਚ ਵਾਧਾ ਕਰਦਿਆਂ ਕਿਹਾ ਕਿ ਟੀਕਾ ਆਦੇਸ਼ ਪ੍ਰਭਾਵਸ਼ਾਲੀ ਸਾਬਤ ਹੋਏ ਹਨ।

# ਅਲਬਰਟਾ ਦੇ ਹੈਲਥਕੇਅਰ ਸਿਸਟਮ ਗੰਭੀਰ ਖ਼ਤਰੇ 'ਚ

ਐਡਮਿੰਟਨ-ਅਲਬਰਟਾ ਦੀ ਕੋਵਿਡ-19 ਦੀ ਪੰਜਵੀਂ ਵੇਵ ਦੇ ਫਰੰਟਲਾਈਨ ਦੇ ਡਾਕਟਰਾਂ ਮੁਤਾਬਿਕ ਸੂਬੇ ਦਾ ਹੈਲਥਕੇਅਰ ਸਿਸਟਮ ਗੰਭੀਰ ਖ਼ਤਰੇ ਵਿਚ ਹੈ ਅਤੇ ਇਸ ਦੀ ਸਥਿਤੀ ਬਦਤਰ ਹੋਣ ਵਾਲੀ ਹੈ ਪਰ ਅਲਬਰਟਾ ਹੈਲਥ ਸਰਵਸਿਜ਼ ਦੇ ਅਧਿਕਾਰੀ ਇਸ ਨਾਲ ਸਹਿਮਤ ਨਹੀਂ। ਡਾ. ਸ਼ਜ਼ਮਾ ਮਿਥਾਨੀ ਨੇ ਕਿਹਾ ਕਿ ਜਿਸ ਤਰ੍ਹਾਂ ਬਿਮਾਰੀ ਫੈਲ ਰਹੀ ਹੈ, ਇਸੇ ਤਰ੍ਹਾਂ ਫੈਲਦੀ ਰਹੀ ਤਾਂ ਸਾਡਾ ਹੈਲਥ ਕੇਅਰ ਸਿਸਟਮ ਯਕੀਨੀ ਢਹਿ ਢੇਰੀ ਹੋ ਜਾਵੇਗਾ। ਤਰੇੜਾਂ ਪੈਣੀਆਂ ਪਹਿਲਾਂ ਹੀ ਸ਼ੁਰੂ ਹੋ ਗਈਆਂ ਹਨ। ਰਾਤ ਦੀ ਸ਼ਿਫਟ ਵਿਚ ਕੰਮ ਕਰਨ ਵਾਲੇ ਈਆਰ ਡਾਕਟਰ ਨੇ ਬੁੱਧਵਾਰ ਸਵੇਰੇ 8 ਘੰਟੇ ਦੀ ਈਆਰ ਉਡੀਕ ਸਮਿਆਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਸੀਟੀਵੀ ਨਿਊਜ਼ ਐਡਮਿੰਟਨ ਨਾਲ ਇਕ ਮੁਲਾਕਾਤ ਵਿਚ ਡਾ. ਰਾਜ ਸ਼ੇਰਮਨ ਨੇ ਕਿਹਾ ਕਿ ਅਸੀਂ ਆਪਣੇ ਡਿਪਾਰਟਮੈਂਟ ਵਿਚ ਛਾਤੀ ਦੇ ਦਰਦ, ਪੇਟ ਵਿਚ ਦਰਦ, ਉਲਝਣ, ਓਵਰਡੋਜ਼ ਨਾਲ ਘੰਟਿਆਂ ਬੱਧੀ ਦਿਖਾਈ ਦੇਣ ਵਾਲੇ ਅਲਬਰਟਾ ਵਾਸੀਆਂ ਦੀ ਦੇਖਭਾਲ ਲਈ ਸਮੇਂ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰ ਰਹੇ ਜੋ ਅਸਵੀਕਾਰਯੋਗ ਹੈ। ਸਾਬਕਾ ਪ੍ਰੋਗਰੈਸਿਵ ਕੰਸਰਵੇਟਿਵ ਤੇ ਲਿਬਰਲ ਐਮਐਲਏ ਨੇ ਕਿਹਾ ਕਿ ਕੁਝ ਲੋਕ ਤਾਂ ਬਿਨ੍ਹਾਂ ਇਲਾਜ ਵਾਪਸ ਚਲੇ ਜਾਂਦੇ ਹਨ ਕਿਉਂਕਿ ਉਹ ਜ਼ਿਆਦਾ ਸਮਾਂ ਇੰਤਜ਼ਾਰ ਨਹੀਂ ਕਰਨਾ ਚਾਹੁੰਦੇ। ਸ਼ੇਰਮਨ ਨੇ ਕਿਹਾ ਕਿ ਹਰ ਇਕ ਦਾ ਸਮੇਂ ਸਿਰ ਇਲਾਜ ਕਰਨ ਲਈ ਸਟਾਫ ਨਹੀਂ ਹੈ ਅਤੇ ਜਿਹੜਾ ਸਟਾਫ ਮੌਜੂਦ ਹੈ ਉਸ ਦਾ ਸਾਹ ਲੈਣਾ ਔਖਾ ਹੋਇਆ ਪਿਆ ਹੈ। ਸਟਾਫ ਥੱਕਾ ਪਿਆ ਹੈ ਅਤੇ ਕਈ ਬਿਮਾਰੀ ਦੀ ਛੁੱਟੀ 'ਤੇ ਹਨ।









## ਸੰਯੁਕਤ ਸਮਾਜ ਮੋਰਚੇ ਵਲੋ 10 ਉਮੀਦਵਾਰਾਂ ਦੀ ਸੂਚੀ ਜਾਰੀ-ਰਾਜੇਵਾਲ ਸਮਰਾਲਾ ਤੋ ਲੜਨਗੇ ਚੋਣ

ਲੁਧਿਆਣਾ-ਖੇਤੀ ਕਾਨੂੰਨ ਰੱਦ ਕਰਵਾਉਣ ਤੋਂ ਬਾਅਦ ਪੰਜਾਬ ਦੇ ਚੋਣ ਮੈਦਾਨ 'ਚ ਨਿੱਤਰੇ ਕਿਸਾਨਾਂ ਦੇ ਸੰਯੁਕਤ ਸਮਾਜ ਮੋਰਚਾ ਨੇ ਬੁੱਧਵਾਰ ਨੂੰ ਲੁਧਿਆਣਾ ਦੇ ਦਫ਼ਤਰ ਤੋਂ 10 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪਹਿਲੀ ਸੂਚੀ ਵਿੱਚ ਸਭ ਤੋਂ ਪਹਿਲਾ ਨਾਂ ਬਲਬੀਰ ਸਿੰਘ ਰਾਜੇਵਾਲ ਦਾ ਹੈ, ਜੋ ਸਮਰਾਲਾ ਤੋਂ ਚੋਣ ਲੜਨਗੇ। ਇਥੇ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਬੋਧ ਸਿੰਘ, ਡਾ. ਸਵੈਮਾਣ ਸਿੰਘ ਅਤੇ ਹੋਰ ਆਗੂਆਂ ਨੇ ਉਮੀਦਵਾਰਾਂ ਦਾ ਐਲਾਨ ਕੀਤਾ। ਕਿਸਾਨ ਆਗੂਆਂ ਨੇ ਦੱਸਿਆ ਕਿ ਵਕੀਲ ਪ੍ਰੇਮ ਸਿੰਘ ਭੰਗੂ ਘਨੌਰ, ਖਡੂਰ ਸਾਹਿਬ ਤੋਂ ਹਰਜਿੰਦਰ ਸਿੰਘ ਢਾਂਡਾ, ਮੁਹਾਲੀ ਤੋਂ ਰਵਨੀਤ ਸਿੰਘ ਬਰਾੜ, ਤਰਨ ਤਾਰਨ ਤੋਂ ਡਾ. ਸੁਖਮਨਦੀਪ ਸਿੰਘ, ਕਰਤਾਰਪੁਰ ਸਾਹਿਬ ਤੋਂ ਰਾਜੇਸ਼ ਕੁਮਾਰ, ਜੈਤੋਂ ਤੋਂ ਰਮਨਦੀਪ ਸਿੰਘ, ਫਿਲੌਰ ਤੋਂ ਅਜੈ ਸਿੰਘ, ਕਾਦੀਆਂ ਤੋਂ ਬਲਰਾਜ ਸਿੰਘ ਠਾਕੁਰ ਅਤੇ ਨਵਦੀਪ ਸਿੰਘ ਸੰਘਾ ਨੂੰ ਮੋਗਾ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਸੂਚੀ 'ਚ ਸਿਰਫ਼ ਤਿੰਨ ਕਿਸਾਨ ਆਗੂਆਂ ਦੇ ਨਾਮ ਸ਼ਾਮਲ ਹਨ ਜਦਕਿ ਬਾਕੀ ਉਮੀਦਵਾਰ ਹੋਰ ਵਰਗਾਂ ਤੋਂ ਹਨ। ਕਿਸਾਨਾਂ ਆਗੂਆਂ ਨੇ ਦੱਸਿਆ ਕਿ ਅਗਲੀ ਸੂਚੀ 'ਚ ਸਿਰਫ਼ ਕਿਸਾਨਾਂ ਦੇ ਹੀ ਨਹੀਂ ਸਗੋਂ ਵਕੀਲਾਂ, ਡਾਕਟਰਾਂ ਅਤੇ ਬੁੱਧੀਜੀਵੀਆਂ ਦੇ ਨਾਮ ਵੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਮੋਰਚੇ ਕੋਲ ਟਿਕਟਾਂ ਦੇ ਸੈਂਕੜੇ ਚਾਹਵਾਨ ਆਏ ਹਨ। ਕਿਸਾਨ ਆਗੂਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਸਣੇ ਦੂਸਰੀਆਂ ਕਈ ਪਾਰਟੀਆਂ ਦੇ ਆਗੂ ਸੰਯੁਕਤ ਸਮਾਜ ਮੋਰਚਾ ਦੀ ਟਿਕਟ 'ਤੇ ਚੋਣ ਲੜਨਾ ਚਾਹੁੰਦੇ ਹਨ। ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਆਗੂਆਂ ਨੇ ਆਪਣਾ ਨਿਸ਼ਾਨਾ ਸਿਰਫ਼ ਅਰਵਿੰਦ ਕੇਜਰੀਵਾਲ 'ਤੇ ਹੀ ਸੇਧਿਆ।

# ਪ੍ਰਧਾਨ ਮੰਤਰੀ ਵੱਲੋਂ ਸਾਹਿਬਜ਼ਾਦਿਆਂ ਦੀ ਯਾਦ ਵਿਚ ਐਲਾਨੇ ਵੀਰ ਬਾਲ ਦਿਵਸ ਦੇ ਨਾਮ ਉਪਰ ਸਿੰਘ ਸਾਹਿਬ ਵੱਲੋਂ ਅਸਹਿਮਤੀ

ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਹਰ ਵਰ੍ਹੇ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮਨਾਉਣ ਦੇ ਕੀਤੇ ਐਲਾਨ ਬਾਰੇ ਫਿਲਹਾਲ ਸਮੁੱਚੀ ਸਿੱਖ ਕੌਮ ਇਕਮਤ ਨਹੀਂ ਹੋ ਰਹੀ। ਇਸ ਦੌਰਾਨ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ ਪਰ ਇਸ ਦੇ ਨਾਂ ਵੀਰ ਬਾਲ ਦਿਵਸ ਬਾਰੇ ਅਸਹਿਮਤੀ ਦਿੱਤੀ ਹੈ। ਤਖਤ ਸ੍ਰੀ ਪਟਨਾ ਸਾਹਿਬ ਵਿਖੇ ਮਨਾਏ ਗਏ ਗੁਰਪੁਰਬ ਸਮਾਗਮ ਸਮੇਂ ਬੀਤੀ ਰਾਤ ਮੰਚ ਤੋਂ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਕੇਂਦਰ ਸਰਕਾਰ ਨੇ ਚਾਰ ਸਾਹਿਬਜ਼ਾਦਿਆਂ ਦਾ ਇਤਿਹਾਸ ਦੇਸ਼ ਦੇ ਬੱਚਿਆਂ ਨੂੰ ਹਰ ਵਰ੍ਹੇ 26 ਦਸੰਬਰ ਨੂੰ ਪੜ੍ਹਾਉਣ ਦਾ ਐਲਾਨ ਕੀਤਾ ਹੈ। ਉਹ ਇਸ ਫੈਸਲੇ ਦਾ ਸਵਾਗਤ ਕਰਦੇ ਹਨ। ਉਨ੍ਹਾਂ ਨੂੰ ਇਸ ਨੂੰ ਸਮਰਪਿਤ ਮਨਾਏ ਜਾਣ ਵਾਲੇ ਦਿਵਸ ਦਾ ਨਾਂ 'ਵੀਰ ਬਾਲ ਦਿਵਸ' ਰੱਖਣ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਇਹ ਨਾਂ ਸਿੱਖ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦਾ। ਉਨ੍ਹਾਂ ਭਾਰਤ ਸਰਕਾਰ ਨੂੰ ਕਿਹਾ ਕਿ ਜਦੋਂ ਵੀ ਸਿੱਖ ਕੌਮ ਜਾਂ ਧਰਮ ਸਬੰਧੀ ਕੋਈ ਫ਼ੈਸਲਾ ਲੈਣਾ ਹੋਵੇ ਤਾਂ ਇਸ ਸਬੰਧੀ ਪਹਿਲਾਂ ਸਿੱਖ ਸੰਸਥਾਵਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕੀਤਾ ਜਾਵੇ। ਅਜਿਹੇ ਮਾਮਲਿਆਂ ਵਿਚ ਸਿੱਖ ਸੰਸਥਾਵਾਂ ਭਾਰਤ



ਸਰਕਾਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣਗੀਆਂ। ਪਰ ਕਦੇ ਵੀ ਗਲਤ ਸਿੱਖ ਇਤਿਹਾਸ ਨਾ ਪੜ੍ਹਾਇਆ ਜਾਵੇ ਅਤੇ ਨਾ ਹੀ ਪ੍ਰਚਾਰਿਆ ਜਾਵੇ। ਉਨ੍ਹਾਂ ਇਸ ਦਾ ਹਵਾਲਾ ਬਨਾਰਸ ਵਿਚ ਪ੍ਰਧਾਨ ਮੰਤਰੀ ਦੇ ਸਮਾਗਮ ਸਮੇਂ ਵੰਡੇ ਪੈਂਫਲਟ ਬਾਰੇ ਦਿੱਤਾ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰਿਆਂ ਨੂੰ ਕਾਸ਼ੀ ਵਿਖੇ ਵਿਦਿਆ ਗ੍ਰਹਿਣ ਕਰਨ ਲਈ ਭੇਜਿਆ ਸੀ ਜਦਕਿ ਇਹ ਸੱਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਪੰਜ ਪਿਆਰੇ ਨਹੀਂ ਸਗੋਂ ਪੰਜ ਸਿੱਖਾਂ ਨੂੰ ਕਾਸ਼ੀ ਨਗਰੀ ਵਿਚ ਪੁਰਾਤਨ ਵੇਦ-ਸ਼ਾਸਤਰ ਆਦਿ ਦੀ ਵਿਦਿਆ ਲੈਣ ਲਈ ਭੇਜਿਆ ਸੀ, ਜਿਨ੍ਹਾਂ ਭਗਵੇ ਕੱਪੜਿਆਂ ਵਿਚ ਇਹ ਵਿਦਿਆ ਪ੍ਰਾਪਤ ਕੀਤੀ। ਬਾਅਦ ਵਿਚ ਉਨ੍ਹਾਂ ਨੂੰ ਗੁਰੂ ਸਾਹਿਬ ਵਲੋਂ ਭਗਵੇ ਭੇਖ ਵਿਚ ਹੀ ਸਿੱਖੀ ਦਾ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ ਗਿਆ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਵੀ ਇਸ ਐਲਾਨ ਬਾਰੇ ਪੂਰੀ ਤਰ੍ਹਾਂ ਸਹਿਮਤੀ ਨਹੀਂ ਪ੍ਰਗਟਾਈ ਅਤੇ ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਤੋਂ ਅਗਵਾਈ ਮੰਗੀ ਹੈ। ਦਮਦਮੀ ਟਕਸਾਲ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਹੈ। ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਭਾਰਤ ਸਰਕਾਰ ਦੇ ਇਸ ਐਲਾਨ ਬਾਰੇ ਆਖਿਆ ਕਿ ਚੰਗਾ ਹੁੰਦਾ ਕਿ ਜੇਕਰ ਕੇਂਦਰ ਸਰਕਾਰ ਇਸ ਐਲਾਨ ਤੋਂ ਪਹਿਲਾਂ ਸਿੱਖ ਸੰਸਥਾਵਾਂ ਨਾਲ ਇਸ ਬਾਰੇ ਵਿਚਾਰ ਚਰਚਾ ਕਰ ਲੈਂਦੀ। ਵੀਰ ਬਾਲ ਦਿਵਸ ਨਾਂ ਬਾਰੇ ਉਨ੍ਹਾਂ ਵੀ ਸਹਿਮਤੀ ਨਹੀਂ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਕੇਂਦਰ ਸਰਕਾਰ ਨੇ ਇਹ ਐਲਾਨ ਕਰ ਦਿੱਤਾ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਸ੍ਰੀ ਅਕਾਲ ਤਖਤ ਦੀ ਅਗਵਾਈ ਹੇਠ ਸਿੱਖ ਵਿਦਵਾਨਾਂ ਨਾਲ ਵਿਚਾਰ ਚਰਚਾ ਕਰਕੇ ਇਸ ਦੀ ਇਕ ਰੂਪ ਰੇਖਾ ਅਤੇ ਮਸੌਦਾ ਤਿਆਰ ਕਰੇ।



BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਉਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਉਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC


## ਜਥੇਦਾਰ ਟੌਹੜਾ ਦਾ ਦੋਹਤਾ ਤੇ ਸਾਬਕਾ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਭਾਜਪਾ ਵਿਚ ਸ਼ਾਮਿਲ

ਨਵੀਂ ਦਿੱਲੀ-ਭਾਜਪਾ ਵੱਲੋਂ ਸਿੱਖ ਚਿਹਰਿਆਂ ਨੂੰ ਪਾਰਟੀ 'ਚ ਸ਼ਾਮਲ ਕਰਨ ਦਾ ਰੁਝਾਨ ਬੇਰੋਕ ਜਾਰੀ ਹੈ। ਭਾਜਪਾ ਨੇ ਸੰਗਰੂਰ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦੋਹਤੇ ਕੰਵਰਵੀਰ ਸਿੰਘ ਟੌਹੜਾ ਅਤੇ ਲੁਧਿਆਣਾ ਤੋਂ ਯੂਥ ਅਕਾਲੀ ਆਗੂ ਗੁਰਦੀਪ ਗੋਸ਼ਾ ਨੂੰ ਪਾਰਟੀ ਵਿੱਚ ਸ਼ਾਮਲ ਕਰ ਲਿਆ। ਭਾਜਪਾ ਦੇ ਪੰਜਾਬ ਚੋਣ ਇੰਚਾਰਜ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਪੰਜਾਬ ਇੰਚਾਰਜ ਦੁਸ਼ਯੰਤ ਗੌਤਮ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ। ਸ਼ੇਖਾਵਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਜਵੀਜ਼ਤ ਫ਼ਿਰੋਜ਼ਪੁਰ ਰੈਲੀ ਦਾ ਨਾ ਹੋਣਾ ਅਫਸੋਸਨਾਕ ਸੀ। ਉਨ੍ਹਾਂ ਕਿਹਾ ਕਿ 5 ਜਨਵਰੀ ਲਈ ਤਜਵੀਜ਼ਤ ਇਸ ਰੈਲੀ ਵਿੱਚ ਵੱਡੀ ਗਿਣਤੀ ਲੋਕਾਂ ਨੇ ਸ਼ਾਮਲ ਹੋਣਾ ਸੀ ਤੇ ਇਸ ਲਈ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਤੋਂ ਵੀ ਬੱਸਾਂ ਮੰਗਵਾਉਣੀਆਂ ਪਈਆਂ ਸਨ। ਉਨ੍ਹਾਂ ਕਿਹਾ ਕਿ ਖ਼ਰਾਬ ਮੌਸਮ ਦੇ ਬਾਵਜੂਦ ਲੱਖਾਂ ਲੋਕ ਰੈਲੀ ਲਈ ਘਰੋਂ ਬਾਹਰ ਨਿਕਲੇ, ਪਰ ਰਾਜਸੀ ਕਾਰਕੁਨਾਂ, ਪੁਲੀਸ ਤੇ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਰੋਕਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੁਸੈਨੀਵਾਲਾ ਵਿਖੇ ਕੌਮੀ ਸ਼ਹੀਦੀ ਯਾਦਗਾਰ 'ਤੇ ਵੀ ਨਹੀਂ ਜਾਣ ਦਿੱਤਾ ਗਿਆ ਤੇ ਪੰਜਾਬ ਨੂੰ ਕਰੋੜਾਂ ਰੁਪਏ ਦੀਆਂ ਯੋਜਨਾਵਾਂ ਤੋਂ ਮਹਿਰੂਮ ਕਰ ਦਿੱਤਾ ਗਿਆ। ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਭਾਜਪਾ ਪੰਜਾਬ ਨੂੰ ਲੈ ਕੇ ਫ਼ਿਕਰਮੰਦ ਹੈ। ਉਕਤ ਸਿੱਖ ਆਗੂਆਂ ਦੀ ਭਾਜਪਾ 'ਚ ਸ਼ਮੂਲੀਅਤ ਪਿੱਛੇ ਮਨਜਿੰਦਰ ਸਿੰਘ ਸਿਰਸਾ ਦੀ ਵੀ ਅਹਿਮ ਭੂਮਿਕਾ ਦੱਸੀ ਜਾ ਰਹੀ ਹੈ।


CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
MORTGAGES 1st, 2nd or Private
BUILD WITH WARRANTY
BUILD, SUPPORT & ADVICE TEAM WORK
KULWANT ATWAL 604-716-2135
BHAJAN ATWAL 604-773-8426
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਪੰਜਾਬ 'ਚ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਖ਼ੁਨਾਮੀ ਦੇ ਮਾਮਲੇ ਦੀ ਜਾਂਚ ਲਈ ਸੁਪਰੀਮ ਕੋਰਟ ਵਲੋਂ ਕਮੇਟੀ ਗਠਿਤ

## ਜਸਟਿਸ ਇੰਦੂ ਮਲਹੋਤਰਾ ਦੀ ਅਗਵਾਈ ਹੇਠ ਕਮੇਟੀ ਦੇਵੇਗੀ ਰਿਪੋਰਟ

ਨਵੀ ਦਿੱਲੀ-ਸੁਪਰੀਮ ਕੋਰਟ ਨੇ ਫ਼ਿਰੋਜ਼ਪੁਰ ਦੌਰੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ 'ਚ ਖਾਮੀ ਦੇ ਮਾਮਲੇ ਦੀ ਜਾਂਚ ਲਈ ਸਿਖਰਲੀ ਅਦਾਲਤ ਦੀ ਸਾਬਕਾ ਜੱਜ ਜਸਟਿਸ ਇੰਦੂ ਮਲਹੋਤਰਾ ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਚੀਫ਼ ਜਸਟਿਸ ਐੱਨ ਵੀ ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਨੇ ਜਸਟਿਸ ਮਲਹੋਤਰਾ ਕਮੇਟੀ ਦਾ ਗਠਨ ਕਰਦਿਆਂ ਕਿਹਾ ਕਿ ਸੁਰੱਖਿਆ ਖਾਮੀ ਨਾਲ ਜੁੜੇ ਸਵਾਲ ਇਕਪਾਸੜ ਜਾਂਚ 'ਤੇ ਨਹੀਂ ਛੱਡੇ ਜਾ ਸਕਦੇ ਹਨ ਅਤੇ ਜਾਂਚ 'ਤੇ ਨਜ਼ਰ ਰੱਖਣ ਲਈ ਨਿਆਂਇਕ ਮਾਹਿਰ ਦੀ ਲੋੜ ਹੈ। ਬੈਂਚ ਨੇ ਕਮੇਟੀ ਦੇ ਮੈਂਬਰਾਂ ਵਜੋਂ ਕੌਮੀ ਜਾਂਚ ਏਜੰਸੀ (ਐੱਨਆਈਏ) ਆਈਜੀ, ਚੰਡੀਗੜ੍ਹ ਦੇ ਡੀਜੀਪੀ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਅਤੇ ਪੰਜਾਬ ਦੇ ਵਧੀਕ ਡੀਜੀਪੀ (ਸੁਰੱਖਿਆ) ਨੂੰ ਨਿਯੁਕਤ ਕੀਤਾ ਹੈ। ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪ੍ਰਧਾਨ ਮੰਤਰੀ ਦੇ 5 ਜਨਵਰੀ ਦੇ ਦੌਰੇ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਬਾਰੇ ਜ਼ਬਤ ਕੀਤੇ ਗਏ ਦਸਤਾਵੇਜ਼ ਕਮੇਟੀ ਦੇ ਮੁਖੀ ਨੂੰ ਤੁਰੰਤ ਮੁਹੱਈਆ



ਕਰਾਉਣ। ਬੈਂਚ ਨੇ ਕਿਹਾ ਕਿ ਕਮੇਟੀ ਆਪਣੀ ਰਿਪੋਰਟ ਛੇਤੀ ਤੋਂ ਛੇਤੀ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਨਿਯੁਕਤ ਕਮੇਟੀ ਇਸ ਗੱਲ ਦੀ ਜਾਂਚ ਕਰੇਗੀ ਕਿ ਸੁਰੱਖਿਆ 'ਚ ਸੰਨ੍ਹ ਲਈ ਕੌਣ-ਕੌਣ ਜ਼ਿੰਮੇਵਾਰ ਹਨ ਅਤੇ ਕਿਸ ਹੱਦ ਤੱਕ ਸੁਰੱਖਿਆ ਦੇ ਹੋਰ ਉਪਰਾਲੇ ਕਰਨ ਦੀ ਲੋੜ ਹੈ। ਕਮੇਟੀ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਦੀ ਸੁਰੱਖਿਆ ਬਾਰੇ ਸੁਝਾਅ ਵੀ ਦੇਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਜਿਹੀਆਂ ਘਟਨਾਵਾਂ ਭਵਿੱਖ 'ਚ ਮੁੜ ਨਾ ਵਾਪਰਨ। ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਬਣਾਈਆਂ ਗਈਆਂ ਵੱਖ ਵੱਖਰੀਆਂ ਜਾਂਚ ਟੀਮਾਂ 'ਤੇ ਰੋਕ ਲਗਾਉਂਦਿਆਂ ਚੀਫ਼ ਜਸਟਿਸ ਐੱਨ ਵੀ ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਦੋਵੇਂ ਸਰਕਾਰਾਂ ਵਿਚਕਾਰ ਸ਼ਬਦੀ ਜੰਗ ਕੋਈ ਹੱਲ ਨਹੀਂ ਹੈ ਜਿਸ ਕਰਕੇ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਲੋੜ ਹੈ। ਚੀਫ਼ ਜਸਟਿਸ ਨੇ ਬੈਂਚ ਲਈ 10 ਪੰਨਿਆਂ ਦਾ ਹੁਕਮ ਲਿਖਦਿਆਂ ਦੋਵੇਂ ਸਰਕਾਰਾਂ ਵੱਲੋਂ ਨਿਰਪੱਖ ਜਾਂਚ ਦੀ ਇੱਛਾ ਦਾ ਨੋਟਿਸ ਲਿਆ। ਜਾਂਚ ਕਮੇਟੀ ਦੀ ਚੇਅਰਪਰਸਨ ਨੂੰ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਵਾਲੀ ਤਨਖ਼ਾਹ ਮਿਲੇਗੀ ਪਰ ਉਸ 'ਚ ਪੈਨਸ਼ਨ ਸ਼ਾਮਲ ਨਹੀਂ ਹੋਵੇਗੀ। ਕਮੇਟੀ ਦੇ ਮੈਂਬਰਾਂ ਨੂੰ ਪੂਰੀ ਸਕੱਤਰੇਤ ਸਹਾਇਤਾ, ਸਰਕਾਰੀ ਕਾਰ ਅਤੇ ਹੋਰ ਸਹੂਲਤਾਂ ਮਿਲਣਗੀਆਂ।

## ਕੇਜਰੀਵਾਲ ਵੱਲੋਂ ਮੁੱਖ ਮੰਤਰੀ ਦੇ ਨਾਮ ਦੀ ਲੋਕਾਂ ਤੋਂ ਸਿਫਾਰਸ਼ ਮੰਗਣਾ ਸਿਆਸੀ ਡਰਾਮਾ-ਸੁਖਬੀਰ

ਜ਼ੀਰਕਪੁਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀਰਵਾਰ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਣ ਬਾਰੇ ਪੰਜਾਬ ਦੇ ਲੋਕਾਂ ਤੋਂ ਜੋ ਸੁਝਾਅ ਮੰਗ ਰਹੀ ਹੈ, ਉਹ ਮਹਿਜ਼ 'ਡਰਾਮਾ' ਹੈ। ਉਨ੍ਹਾਂ ਕਿਹਾ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਖ਼ੁਦ ਪੰਜਾਬ ਦਾ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ।



ਉਨ੍ਹਾਂ ਨੇ 'ਆਪ' 'ਤੇ ਦੋਸ਼ ਲਗਾਇਆ ਕਿ ਉਹ ਸੂਬਾਈ ਆਗੂਆਂ ਨੂੰ 'ਨਜ਼ਰਅੰਦਾਜ਼' ਕਰ ਰਹੀ ਹੈ ਤੇ ਦਿੱਲੀ ਦੇ ਵਿਧਾਇਕ ਰਾਘਵ ਚੱਢਾ ਨੂੰ ਪੰਜਾਬ ਵਿੱਚ ਪ੍ਰੈੱਸ ਕਾਨਫਰੰਸਾਂ ਨੂੰ ਸੰਬੋਧਨ ਕਰਨ ਲਈ ਤਾਇਨਾਤ ਕੀਤਾ ਹੋਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੁਕਾਬਲਾ ਕਾਂਗਰਸ ਤੇ 'ਆਪ' ਨਾਲ ਹੋਵੇਗਾ ਤੇ ਭਾਜਪਾ ਇਸ ਮੁਕਾਬਲੇ ਵਿੱਚ ਕਿਤੇ ਵੀ ਨਹੀਂ ਖੜ੍ਹੀ ਹੈ।

## ਕੈਲਗਰੀ ਡਾਊਨਟਾਊਨ ਵਿਚ ਦ਼ਫਤਰਾਂ ਵਾਲੀਆਂ ਖਾਲੀ ਥਾਂਵਾਂ ਦਾ ਨਵਾਂ ਮੀਲ ਪੱਥਰ ਕਾਇਮ

ਕੈਲਗਰੀ-ਸੀਬੀਐਸਈ ਵਲੋਂ ਕੀਤੀ ਜਾਂਦੀ ਰਿਪੋਰਟਿੰਗ ਦੇ 30 ਸਾਲਾਂ ਵਿਚ ਪਹਿਲੀ ਵਾਰ ਕੈਨੇਡੀਅਨ ਮੈਟਰੋਪੋਲੀਟਨ ਸੈਂਟਰ ਨੇ ਇਕ ਮੁਸ਼ਕਿਲ ਭਰੇ ਮੀਲ ਪੱਥਰ ਨੂੰ ਛੋਹਿਆ ਹੈ ਅਤੇ ਉਥੇ 33.2 ਫੀਸਦੀ ਆਫਿਸ ਥਾਵਾਂ ਖਾਲੀ ਹਨ। ਕੈਲਗਰੀ ਲਈ ਇਹ ਨਵਾਂ ਮੁੱਦਾ ਨਹੀਂ ਸਗੋਂ ਤੇਲ ਤੇ ਗੈਸ ਦੇ ਨੁਕਸਾਨ ਦੇ ਚੱਕਰ ਤੇ ਮਹੀਨਿਆਂ ਦੀ ਮਹਾਂਮਾਰੀ ਕਾਰਨ ਚਲ ਰਹੇ ਕਈ ਸਾਲਾਂ ਦੇ ਸੰਘਰਸ਼ ਦੀ ਨਿਰੰਤਰਤਾ ਹੈ। ਸੀਬੀਆਰਈ ਲਈ ਐਗਜ਼ੀਕਿਊਟਿਵ ਉਪ ਪ੍ਰਧਾਨ ਤੇ ਰੀਜਨਲ ਡਾਇਰੈਕਟਰ ਗਰੇਗ ਕਵਾਂਗ ਨੇ ਕਿਹਾ ਕਿ ਚਿੰਤਾ ਜ਼ਰੂਰੀ ਤੌਰ 'ਤੇ 33 ਤੋਂ 34 ਫ਼ੀਸਦੀ ਖਾਲੀ ਥਾਵਾਂ ਨਹੀਂ। ਇਥੇ ਦੋ ਚਿੰਤਾਵਾਂ ਹਨ ਕਿ ਅਸੀ ਇਥੋਂ ਕਿਥੇ ਜਾਵਾਂਗੇ ਅਤੇ ਦੂਸਰੀ ਚਿੰਤਾ ਇਹ ਹੈ ਕਿ ਅਸੀਂ ਕਿੰਨੀ ਤੇਜ਼ੀ ਨਾਲ 10 ਸਾਲ ਪਹਿਲਾਂ ਨਾਲ ਇਕੱਲੇ ਹੇਠਲੇ ਅੰਕ 'ਤੇ ਚਲੇ ਗਏ ਜਿਥੇ ਅੱਜ ਅਸੀਂ ਖੜੇ ਹਾਂ। 2021 ਦੀ ਚੌਥੀ ਤਿਮਾਹੀ ਵਿਚ ਜਾਰੀ ਕੀਤੀ ਰਿਪੋਰਟ ਵਿਚ ਅਕਤੂਬਰ ਵਿਚ ਜਾਰੀ ਤਿਮਾਹੀ ਰਿਪੋਰਟ ਦੇ ਅੰਕੜਿਆਂ ਤੋਂ ਜ਼ਿਆਦਾ ਵਾਧਾ ਨਹੀਂ ਜਦੋਂ ਖਾਲੀ ਥਾਵਾਂ ਦੀ ਦਰ 32.9 ਫ਼ੀਸਦੀ ਸੀ। ਕੈਲਗਰੀ ਇਕੋ ਇਕ ਵੱਡਾ ਕੈਨੇਡੀਅਨ ਸੈਂਟਰ ਹੈ ਜਿਥੇ ਅਸਲ ਵਿਚ ਦਫ਼ਤਰੀ ਖਾਲੀ ਥਾਂ ਵਧੀ ਹੈ ਅਤੇ ਪਿਛਲੀ ਤਿਮਾਹੀ ਵਿਚ ਕਿਰਾਏ ਦੀ 169584 ਵਰਗ ਫੁੱਟ ਥਾਂ ਖਾਲੀ ਹੋਈ ਹੈ।

## ਸਾਬਕਾ ਫੈਡਰੇਸ਼ਨ ਆਗੂ ਤੇ ਦਮਦਮੀ ਟਕਸਾਲ ਦਾ ਬੁਲਾਰਾ ਪ੍ਰੋ: ਸਰਚਾਂਦ ਸਿੰਘ ਭਾਜਪਾ ਵਿਚ ਸ਼ਾਮਿਲ

ਜਲੰਧਰ-ਸ਼੍ਰੋਮਣੀ ਅਕਾਲੀ ਦਲ ਨੂੰ ਉਦੋਂ ਜ਼ੋਰਦਾਰ ਝਟਕਾ ਲੱਗਾ ਜਦੋਂ ਅਕਾਲੀ ਦਲ ਦੇ ਇਕ ਸਾਬਕਾ ਵਿਧਾਇਕ ਸਮੇਤ ਪੰਜ ਅਹੁਦੇਦਾਰ ਭਾਜਪਾ ਵਿੱਚ ਸ਼ਾਮਲ ਹੋ ਗਏ। ਇਸੇ ਦੌਰਾਨ ਕਾਂਗਰਸ ਦਾ ਸ਼ੁਤਰਾਣਾ ਤੋਂ ਸਾਬਕਾ ਵਿਧਾਇਕ ਸਤਵੰਤ ਸਿੰਘ ਮੋਹੀ ਵੀ ਭਾਜਪਾ 'ਚ ਸ਼ਾਮਲ ਹੋ ਗਏ। ਭਾਜਪਾ ਦੇ ਸੂਬਾਈ ਚੋਣ ਦਫ਼ਤਰ ਵਿੱਚ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਅਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਫਤਿਹਗੜ੍ਹ ਸਾਹਿਬ ਤੋਂ ਸਾਬਕਾ ਵਿਧਾਇਕ ਤੇ ਪਾਰਟੀ ਦੇ ਵਰਕਿੰਗ ਕਮੇਟੀ ਮੈਂਬਰ ਦੀਦਾਰ ਸਿੰਘ ਭੱਟੀ, ਦਮਦਮੀ ਟਕਸਾਲ ਦੇ ਬੁਲਾਰੇ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਮੀਡੀਆ ਸਲਾਹਕਾਰ ਪ੍ਰੋ. ਸਰਚਾਂਦ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸਪੋਰਟਸ ਵਿੰਗ ਦੇ ਪ੍ਰਧਾਨ ਤੇ ਹਲਕਾ ਬਲਾਚੌਰ ਦੇ ਆਗੂ ਰਾਜਪਾਲ ਚੌਹਾਨ, ਸੋਈ ਦੇ ਜ਼ੋਨ ਪ੍ਰਧਾਨ ਅੰਮ੍ਰਿਤਪਾਲ ਸਿੰਘ ਲਾਲੀ ਤੇ ਫਤਿਹਗੜ੍ਹ ਸਾਹਿਬ ਦੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਤੇ ਯੂਥ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਬਲਵਿੰਦਰ ਸਿੰਘ ਭੱਟੀ ਭਾਜਪਾ ਵਿਚ ਸ਼ਾਮਲ ਹੋ ਗਏ।ਦਮਦਮੀ ਟਕਸਾਲ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਦੇ ਭਾਜਪਾ 'ਚ ਜਾਣ ਨਾਲ ਗਰਮਖਿਆਲੀ ਸਫ਼ਾਂ 'ਚ ਹੈਰਾਨੀ ਪ੍ਰਗਟਾਈ ਜਾ ਰਹੀ ਹੈ। ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖਾਲਸਾ ਵੱਲੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ ਦੀ ਸ਼ਲਾਘਾ ਕੀਤੀ ਗਈ ਸੀ ਜਿਸ ਵਿਚ ਉਨ੍ਹਾਂ ਨੇ 26 ਦਸੰਬਰ ਨੂੰ ਕੌਮੀ ਪੱਧਰ 'ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ।



## ਪੰਜਾਬ ਪੁਲਿਸ ਵਲੋਂ ਢਾਈ ਕਿਲੋ ਆਰ ਡੀ ਐਕਸ ਬਰਾਮਦ

ਚੰਡੀਗੜ੍ਹ-ਪੰਜਾਬ ਪੁਲੀਸ ਨੇ ਪਠਾਨਕੋਟ ਵਿੱਚ ਗ੍ਰਿਨੇਡ ਹਮਲਿਆਂ ਦੇ ਮੁਲਜ਼ਮ ਅਮਨਦੀਪ ਕੁਮਾਰ ਉਰਫ ਮੰਤਰੀ ਵਾਸੀ ਪਿੰਡ ਲਖਣਪਾਲ (ਜ਼ਿਲ੍ਹਾ ਗੁਰਦਾਸਪੁਰ) ਦੀ ਨਿਸ਼ਾਨਦੇਹੀ 'ਤੇ ਗੁਰਦਾਸਪੁਰ ਜ਼ਿਲ੍ਹੇ ਵਿੱਚੋਂ ਢਾਈ ਕਿਲੋ ਆਰਡੀਐੱਕਸ ਸਣੇ ਹਥਿਆਰ ਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ। ਪੰਜਾਬ ਪੁਲੀਸ ਦੇ ਮੁਖੀ ਵੀ. ਕੇ. ਭਾਵੜਾ ਨੇ ਵੀਰਵਾਰ ਨੂੰ ਦੱਸਿਆ ਕਿ ਪੁਲੀਸ ਨੇ ਇਸ ਤੋਂ ਇਲਾਵਾ ਇਕ ਡੈਟੋਨੇਟਰ, ਇਕ ਡੈਟੋਨੇਟਿੰਗ ਤਾਰ, ਧਮਾਕਾਖੇਜ਼ ਸਮੱਗਰੀ ਦੇ ਪੰਜ ਫਿਊਜ਼ (ਤਾਰਾਂ ਸਮੇਤ) ਅਤੇ ਏਕੇ-47 ਰਾਈਫਲ ਦੀਆਂ 12 ਗੋਲੀਆਂ ਵੀ ਬਰਾਮਦ ਕੀਤੀਆਂ ਹਨ। ਜ਼ਿਕਰਯੋਗ ਹੈ ਕਿ ਅਮਨਦੀਪ ਕੁਮਾਰ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਉਨ੍ਹਾਂ ਛੇ ਕਾਰਕੁਨਾਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ ਪੁਲੀਸ ਨੇ ਸੋਮਵਾਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਨੇ ਮੰਨਿਆ ਉਸ ਨੇ ਪਠਾਨਕੋਟ ਵਿੱਚ ਦੋ ਥਾਵਾਂ ਗ੍ਰਿਨੇਡ ਹਮਲੇ ਕੀਤੇ ਸਨ। ਸ਼ਹੀਦ ਭਗਤ ਸਿੰਘ ਨਗਰ ਦੀ ਐੱਸਐੱਸਪੀ ਕੰਵਰਦੀਪ ਕੌਰ ਨੇ ਦੱਸਿਆ ਕਿ ਅਮਨਦੀਪ ਵੱਲੋਂ ਕੀਤੇ ਗਏ ਖ਼ੁਲਾਸੇ ਮਗਰੋਂ ਪੁਲੀਸ ਦੀਆਂ ਟੀਮਾਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਭੇਜੀਆਂ ਗਈਆਂ ਤੇ ਧਮਾਕਾਖੇਜ਼ ਸਮੱਗਰੀ ਬਰਾਮਦ ਕੀਤੀ ਗਈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਬੈਂਸ ਭਰਾਵਾਂ ਦੀ ਪਾਰਟੀ ਦੇ ਭਾਜਪਾ ਨਾਲ ਗਠਜੋੜ ਦੇ ਚਰਚੇ

ਲੁਧਿਆਣਾ-ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਬੈਂਸ ਭਰਾ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਨਾਲ ਗੱਠਜੋੜ ਕਰ ਸਕਦੇ ਹਨ। ਦੋਹਾਂ ਪਾਰਟੀਆਂ ਦੀ ਗੱਲ ਲਗਪਗ ਤੈਅ ਹੋ ਚੁੱਕੀ ਹੈ ਅਤੇ ਇਸ ਦਾ ਐਲਾਨ 15 ਜਨਵਰੀ ਤੋਂ ਬਾਅਦ ਇੱਕ ਰੈਲੀ ਕਰਕੇ ਕੀਤਾ ਜਾ ਸਕਦਾ ਹੈ। ਸੂਤਰਾਂ ਦੀ ਮੰਨੀਏ ਤਾਂ ਵਿਧਾਇਕ ਬੈਂਸ ਭਰਾਵਾਂ ਦੇ ਨਾਲ ਗਠਜੋੜ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਆਤਮ ਨਗਰ, ਵਿਧਾਨ ਸਭਾ ਹਲਕਾ ਦੱਖਣੀ ਤੇ ਗਿੱਲ ਤੋਂ ਆਪਣੇ ਉਮੀਦਵਾਰ ਨਹੀਂ ਉਤਾਰੇਗੀ ਤੇ ਬਾਕੀ ਥਾਵਾਂ 'ਤੇ ਬੈਂਸ ਭਰਾ ਭਾਜਪਾ ਦਾ ਸਾਥ ਦੇਣਗੇ। ਹਾਲੇ ਇਹ ਸਾਫ਼ ਨਹੀਂ ਹੋ ਰਿਹਾ ਕਿ ਬੈਂਸ ਭਰਾਵਾਂ ਨੂੰ ਹੋਰ ਕਿੰਨ੍ਹੀਆਂ ਸੀਟਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਇਹ ਗੱਲ ਤੈਅ ਹੈ ਕਿ ਇਨ੍ਹਾਂ ਤਿੰਨਾਂ ਸੀਟਾਂ 'ਤੇ ਉਹ ਚੋਣ ਲੜਨ ਜਾ ਰਹੇ ਹਨ। ਲੁਧਿਆਣਾ ਸਣੇ ਹੋਰ ਕਈ ਥਾਵਾਂ 'ਤੇ ਬੈਂਸ ਭਰਾ ਆਪਣੇ ਸਮਰੱਥਕਾਂ ਨੂੰ ਟਿਕਟਾਂ ਦੇਣ ਦਾ ਵਾਅਦਾ ਕਰ ਚੁੱਕੇ ਹਨ, ਪਰ ਜੇਕਰ ਬੈਂਸ ਭਰਾਵਾਂ ਦਾ ਭਾਜਪਾ ਨਾਲ ਗੱਠਜੋੜ ਹੁੰਦਾ ਹੈ ਤਾਂ ਹੁਣ ਉਨ੍ਹਾਂ ਨੂੰ ਟਿਕਟ ਮਿਲਣੀ ਮੁਸ਼ਕਿਲ ਹੈ। ਜਾਣਕਾਰੀ ਅਨੁਸਾਰ 2017 ਵਿਚ ਲੋਕ ਇਨਸਾਫ਼ ਪਾਰਟੀ ਨੇ ਆਮ ਆਦਮੀ ਪਾਰਟੀ ਨਾਲ ਮਿਲ ਕੇ ਚੋਣਾਂ ਲੜੀਆਂ ਸਨ। ਗਿੱਲ ਰੋਡ ਦੀ ਦਾਣਾ ਮੰਡੀ 'ਚ ਵੱਡੀ ਰੈਲੀ ਕੀਤੀ ਗਈ ਸੀ, ਜਿਸ 'ਚ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਪੁੱਜੇ ਸਨ। ਇਸੇ ਦੌਰਾਨ ਹੀ ਗੱਠਜੋੜ ਦਾ ਐਲਾਨ ਕੀਤਾ ਗਿਆ ਸੀ। ਲੋਕ ਇਨਸਾਫ਼ ਪਾਰਟੀ ਨੇ ਗੱਠਜੋੜ 'ਚ 5 ਸੀਟਾਂ 'ਤੇ ਚੋਣ ਲੜੀ ਸੀ ਤੇ 2 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ।


# ਚੋਣਾਂ ਤੋਂ ਪਹਿਲਾਂ ਕੋਈ ਮੁੱਖ ਮੰਤਰੀ ਦਾ ਚਿਹਰਾ ਨਹੀ-ਸ਼ੇਖਾਵਤ



ਗਜੇਂਦਰ ਸ਼ੇਖਾਵਤ ਨੇ ਕਿਹਾ ਕਿ ਪਾਰਟੀ ਦੀ ਪਰੰਪਰਾ ਰਹੀ ਹੈ ਕਿ ਮੁੱਖ ਮੰਤਰੀ ਦਾ ਚਿਹਰਾ ਐਲਾਨ ਕੇ ਚੋਣਾਂ ਨਹੀਂ ਲੜੀਆਂ ਜਾਂਦੀਆਂ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਵਿਚ ਜਦੋਂ 25 ਸਾਲਾਂ ਬਾਅਦ ਭਾਜਪਾ ਸੱਤਾ ਵਿਚ ਆਈ ਤਾਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਮੁੱਖ ਮੰਤਰੀ ਆਦਿੱਤਿਆਨਾਥ ਯੋਗੀ ਹੋਣਗੇ। ਇਸੇ ਤਰ੍ਹਾਂ ਅਸਾਮ ਵਿਚ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਚੋਣਾਂ ਲੜੀਆਂ ਸਨ ਤਦ ਵੀ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੀ ਪਾਰਟੀ ਦੇ ਵਿਧਾਇਕ ਹੀ ਆਪਣਾ ਆਗੂ ਚੁਣਨਗੇ ਤੇ ਉਸੇ 'ਤੇ ਹਾਈਕਮਾਨ ਮੋਹਰ ਲਾਏਗੀ। ਸ੍ਰੀ ਸ਼ੇਖਾਵਤ ਨੇ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਨ੍ਹਾਂ ਨੂੰ ਕਿਹੜੇ ਪੰਡਤ ਨੇ ਦੱਸਿਆ ਕਿ ਸੱਤ ਦਿਨਾਂ ਬਾਅਦ ਮੁੱਖ ਮੰਤਰੀ ਦਾ ਚਿਹਰਾ ਐਲਾਨਣਗੇ ?

# ਅੰਤਰਰਾਸ਼ਟਰੀ ਸਾਹਿਤਕ ਸਾਂਝਾ ਵੱਲੋਂ ਜਨਵਰੀ ਮਹੀਨੇ ਦੀ ਕਾਵਿ ਮਿਲਣੀ ਦਾ ਸਫ਼ਲ ਆਯੋਜਨ

ਸਰੀ-ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰਮੀ ਤੇ ਹੋਰ ਕਮੇਟੀ ਮੈਂਬਰਜ਼ ਦੇ ਸਹਿਯੋਗ ਨਾਲ ਜਨਵਰੀ ਮਹੀਨੇ ਦੀ ਕਾਵਿ ਮਿਲਣੀ ਦਾ ਸਫ਼ਲ ਆਯੋਜਨ 9 ਜਨਵਰੀ ਐਤਵਾਰ ਨੂੰ ਕੀਤਾ ਗਿਆ । ਜਿਸ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ । ਪ੍ਰੋਫੈਸਰ ਗੁਰਭਜਨ ਗਿੱਲ ਜੀ ਨੂੰ ਸੁਨਣ ਲਈ ਮੈਂਬਰਜ਼ ਵਿੱਚ ਭਾਰੀ ਉਤਸ਼ਾਹ ਸੀ। ਮੀਟਿੰਗ ਦਾ ਸੰਚਾਲਨ ਪ੍ਰੋਫੈਸਰ ਹਰਜੱਸਪ੍ਰੀਤ ਗਿੱਲ ਸਰਪ੍ਰਸਤ ਨੇ ਬਹੁਤ ਸਹਿਜ ਵਿੱਚ ਕੀਤਾ । ਸੰਸਥਾ ਦੀ ਪ੍ਰਧਾਨ ਬਹੁਤ ਸੁਰੀਲੇ ਸੁਰਾਂ ਦੀ ਮਲਿਕਾ ਰਿੰਟੂ ਭਾਟੀਆ ਨੇ ਹਾਜ਼ਰੀਨ ਮੈਂਬਰਜ਼ । ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਤੇ ਸਤਿਕਾਰਿਤ ਸ਼ਾਇਰਾਂ ਨੂੰ ਨਿੱਘਾ ਜੀ ਆਇਆ ਕਿਹਾ ਤੇ ਨਵੇਂ ਸਾਲ ਦੀ ਕਾਵਿ ਮਿਲਣੀ ਦਾ ਆਗਾਜ਼ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ :- " ਮਿੱਤਰ ਪਿਆਰੇ ਨੂੰ , ਹਾਲ ਮੁਰੀਦਾਂ ਦਾ ਕਹਿਣਾ " ਆਪਣੀ ਸੁਰੀਲੀ ਅਵਾਜ਼ ਗਾਇਨ ਕਰਕੇ ਪੇਸ਼ ਕਰਕੇ ਕੀਤਾ। ਪ੍ਰੀਤ ਗਿੱਲ ਜੀ ਨੇ ਸੰਸਥਾ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰਮੀ ਨੂੰ ਕਿਹਾ ਕਿ ਉਹ ਪ੍ਰੋਫੈਸਰ ਗੁਰਭਜਨ ਗਿੱਲ ਜੀ ਦਾ ਸਵਾਗਤ ਕਰਨ ਤੇ ਉਹਨਾਂ ਨੂੰ ਪ੍ਰਧਾਨਗੀ ਕਰਨ ਲਈ ਕਹਿਣ । ਪ੍ਰੋਫੈਸਰ ਗੁਰਭਜਨ ਗਿੱਲ ਜੀ ਨੇ ਬਹੁਤ ਵਧੀਆ ਟਿਪਸ ਵੀ ਦਿੱਤੇ ਤੇ ਆਪਣੀ ਬਹੁਤ ਪਿਆਰੀ ਗ਼ਜ਼ਲ ਵੀ ਪੇਸ਼ ਕੀਤੀ ਪ੍ਰੋਫੈਸਰ ਗੁਰਭਜਨ ਗਿੱਲ ਜੀ ਦੇ ਦੱਸੇ ਹੋਏ ਟਿਪਸ ਦਾ ਸੱਭ ਨੇ ਖੁੱਲ੍ਹੇ ਦਿਲ ਨਾਲ ਸਵਾਗਤ । ਸਭਾ ਦੇ ਸੈਕਟਰੀ ਜਨਰਲ ਅਮਨਬੀਰ ਸਿੰਘ ਧਾਮੀ ਨੇ ਆਪਣੇ ਵਿਚਾਰਾਂ ਦੀ ਸਾਂਝ ਵੀ ਕੀਤੀ ਤੇ ਰਮਿੰਦਰ ਰਮੀ ਤੇ ਸਾਹਿਤਕ ਸਾਂਝਾਂ ਦੇ ਬਾਰੇ ਵਿੱਚ ਦੱਸਿਆ ਕਿ ਰਮਿੰਦਰ ਰਮੀ ਬਹੁਤ ਮਿਹਨਤ ਕਰ ਰਹੇ ਹਨ ਤੇ ਕਾਵਿ ਮਿਲਣੀ ਪ੍ਰੋਗਰਾਮਾਂ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਸਲਾਹਿਆ ਜਾਂਦਾ ਹੈ ਤੇ ਹਰ ਕੋਈ ਇਸ ਸੰਸਥਾ ਨਾਲ ਜੁੜ ਕੇ ਮਾਣ ਮਹਿਸੂਸ ਕਰ ਰਿਹਾ ਹੈ । ਪ੍ਰੀਤ ਪ੍ਰਿਤਪਾਲ , ਅੰਜੂ ਅਮਨਦੀਪ ਗਰੋਵਰ , ਸੁਰਜੀਤ ਸਿੰਘ ਧੀਰ , ਕੁਲਵੰਤ ਕੌਰ ਢਿੱਲੋਂ ਯੂ ਕੇ , ਗੁਰਵੇਲ ਕੋਹਾਲਵੀ ਚੇਅਰਮੈਨ ਗੁਰਮੁਖੀ ਦੇ ਵਾਰਿਸ , ਡਾ। ਸੁੱਖਪਾਲ ਕੌਰ ਸਮਰਾਲਾ , ਸੁਰਜੀਤ ਕੌਰ ਭੋਗਪੁਰ , ਗੁਰਪ੍ਰੀਤ ਕੌਰ ਗੈਦੂ ਗ੍ਰੀਸ , ਸੁਖਦੀਪ ਕੌਰ ਨੇ ਤੇ ਗੁਰਚਰਨ ਸਿੰਘ ਜੋਗੀ ਜੀ ਨੇ ਆਪਣੀਆਂ ਰਚਨਾਵਾਂ ਬਹੁਤ ਹੀ ਖ਼ੂਬਸੂਰਤ ਅਵਾਜ਼ ਤੇ ਅੰਦਾਜ਼ ਵਿੱਚ ਪੇਸ਼ ਕੀਤੀਆਂ । ਕੁਝ ਪਾਰਟੀਸਿਪੈਂਟਸ ਅਚਨਚੇਤ ਕੋਈ ਜ਼ਰੂਰੀ ਕੰਮ ਆ ਜਾਣ ਕਰਕੇ ਨਹੀਂ ਆ ਸਕੇ , ਉਹਨਾਂ ਦੇ ਮੈਸੇਜ ਆ ਗਏ ਸਨ । ਨਦੀਮ ਅਫ਼ਜ਼ਲ ਪਾਕਿਸਤਾਨ ਤੋਂ , ਮਨਜੀਤ ਕੌਰ ਸੇਖੋਂ ਅਮਰੀਕਾ ਤੋਂ , ਗੁਰਚਰਨ ਸਿੰਘ ਜੋਗੀ , ਆਸ਼ਾ ਸ਼ਰਮਾ , ਕੁਲਦੀਪ ਧੰਜੂ , ਸਤਿੰਦਰ ਕੌਰ ਕਾਹਲੋਂ , ਡਾ। ਗੁਰਚਰਨ ਕੌਰ ਕੋਚਰ ਜੀ , ਜੈਸਮੀਨ ਮਾਹੀ , ਮਨਜੀਤ ਕੌਰ ਖੱਖ , ਹਰਦਿਆਲ ਸਿੰਘ ਝੀਤਾ , ਕੁਲਵਿੰਦਰ ਕੌਰ ਸਮਰਾ , ਡਾ । ਬਲਜੀਤ ਕੌਰ ਰਿਆੜ , ਹਰਜੀਤ ਕੌਰ ਬਮਰਾ , ਮੋਨਿਕਾ ਮਲਹੋਤਰਾ , ਜੋਬਨਰੂਪ ਛੀਨਾ ਤੇ ਅਜੀਤ ਦੇ ਨਾਮਵਰ ਪੱਤਰਕਾਰ ਦਰਸ਼ਨ ਸਿੰਘ ਜਟਾਣਾ ਕੈਲਗਰੀ ਤੋਂ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਜੁੜੇ ਹੋਰ ਬਹੁਤ ਮੈਂਬਰਜ਼ ਨੇ ਮੀਟਿੰਗ ਵਿੱਚ ਆਖੀਰ ਤੱਕ ਆਪਣੀ ਸ਼ਮੂਲੀਅਤ ਬਣਾਈ ਰੱਖੀ । ਪ੍ਰੀਤ ਗਿੱਲ ਜੀ ਨੇ ਕੁਲਵੰਤ ਕੌਰ ਢਿੱਲੋਂ ਜੀ ਯੂ ਕੇ ਨੂੰ ਮੀਟਿੰਗ ਦੀ ਕਲੋਜ਼ਿੰਗ ਕਰਨ ਲਈ ਕਿਹਾ । ਕੁਲਵੰਤ ਕੌਰ ਢਿੱਲੋਂ ਜੀ ਨੇ ਹਰ ਇਕ ਸ਼ਾਇਰ ਨੂੰ ਬਹੁਤ ਸੰਜੀਦਾ ਹੋਕੇ ਸੁਣਿਆ ਤੇ ਹਰੇਕ ਸ਼ਾਇਰ ਦੀ ਸ਼ਾਇਰੀ ਦੇ ਬਾਰੇ ਵਿੱਚ ਤੇ ਸਾਹਿਤਕ ਸਾਂਝਾ ਤੇ ਕਾਵਿ ਮਿਲਣੀ ਦੇ ਬਾਰੇ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ । ਡਾ । ਬਲਜੀਤ ਕੌਰ ਰਿਆੜ ਜੀ ਨੇ ਆਏ ਹੋਏ ਮਹਿਮਾਨਾਂ ਦਾ ਸ਼ੁਕਰੀਆ ਅਦਾ ਕੀਤਾ ਤੇ ਆਪਣੇ ਕੁਝ ਵਿਚਾਰ ਵੀ ਸਾਂਝੇ ਕੀਤੇ । ਆਖੀਰ ਵਿੱਚ ਰਮਿੰਦਰ ਰਮੀ ਨੇ ਪ੍ਰੀਤ ਗਿੱਲ , ਡਾ । ਬਲਜੀਤ ਕੌਰ ਰਿਆੜ , ਰਿੰਟੂ ਭਾਟੀਆ ਤੇ ਅਮਨਬੀਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੱਭ ਬਹੁਤ ਸਹਿਯੋਗ ਕਰ ਰਹੇ ਹਨ । ਅਮਨਬੀਰ ਬਹੁਤ ਵਧੀਆ ਸ਼ਾਇਰ ਤੇ ਬਹੁਤ ਮਿਹਨਤੀ ਤੇ ਪਿਆਰ ਵਾਲਾ ਹੈ । ਸਭਾ ਦੀ ਮੀਟਿੰਗ ਦੇ ਪੋਸਟਰ ਤੇ ਸਰਟੀਫਿਕੇਟਸ ਅਮਨਬੀਰ ਹੀ ਬਣਾਉਂਦਾ ਹੈ । ਰਮਿੰਦਰ ਰਮੀ ਨੇ ਇਹ ਵੀ ਦੱਸਿਆ ਕਿ ਅਸੀਂ ਫੈਸਲਾ ਕੀਤਾ ਹੋਇਆ ਹੈ ਕਿ ਮਹੀਨੇ ਦੇ ਦੂਸਰੇ ਐਤਵਾਰ ਕਾਵਿ ਮਿਲਣੀ ਹੋਇਆ ਕਰੇਗੀ ਤੇ ਆਖਰੀ ਐਤਵਾਰ ਕੋਈ ਨਿਵੇਕਲਾ ਪ੍ਰੋਗਰਾਮ ਲੈ ਕੇ ਹਾਜ਼ਰ ਹੋਵਾਂਗੇ , ਜਿਸਦਾ ਸੰਚਾਲਨ ਡਾ । ਬਲਜੀਤ ਕੌਰ ਰਿਆੜ ਜੀ ਕਰਨਗੇ । ਜਨਵਰੀ ਦੇ ਆਖਰੀ ਐਤਵਾਰ ਇਹ ਪ੍ਰੋਗਰਾਮ ਸ਼ੁਰੂ ਕਰਨ ਜਾ ਰਹੇ ਹਾਂ । ਰਮਿੰਦਰ ਰਮੀ ਨੇ ਸੱਭ ਦਾ ਸ਼ੁਕਰਾਨਾ ਕਰਦੇ ਹੋਏ ਕਿਹਾ ਕਿ ਆਸ ਕਰਦੇ ਹਾਂ ਕਿ ਆਪ ਸੱਭ ਦੋਸਤਾਂ ਦਾ ਪਿਆਰ , ਸਾਥ ਤੇ ਸਹਿਯੋਗ ਹਮੇਸ਼ਾਂ ਮਿਲਦਾ ਰਹੇਗਾ।




idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



# ਨਾਵਲਕਾਰ ਗੁਰਦਿਆਲ ਸਿੰਘ ਦਾ ਜਨਮ ਦਿਨ ਮਨਾਇਆ

ਸਰੀ, (ਹਰਦਮ ਮਾਨ)-ਵਿਸ਼ਵ ਪ੍ਰਸਿੱਧ ਪੰਜਾਬੀ ਨਾਵਲਕਾਰ ਗੁਰਦਿਆਲ ਸਿੰਘ ਦੇ ਜਨਮ ਦਿਨ ਤੇ ਵੈਨਕੂਵਰ ਵਿਚਾਰ ਮੰਚ ਅਤੇ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵੱਲੋਂ ਇਕ ਵਿਸ਼ੇਸ਼ ਬੈਠਕ ਰਾਹੀਂ ਉਨ੍ਹਾਂ ਨੂੰ ਯਾਦ ਕੀਤਾ ਗਿਆ। ਪੰਜਾਬੀ ਸਾਹਿਤ ਦੇ ਸਮੂਹ ਹਿਤੈਸ਼ੀਆਂ ਨੂੰ ਗੁਰਦਿਆਲ ਸਿੰਘ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਉਨ੍ਹਾਂ ਨਾਲ ਆਪਣੀ ਯਾਦਾਂ ਤਾਜ਼ਾ ਕੀਤੀਆਂ ਅਤੇ ਦੱਸਿਆ ਕਿ ਉਸ ਸਮੇਂ ਲਿਖਾਰੀ ਸਭਾ ਬਰਨਾਲਾ ਦੇ ਉਹ ਵੀ ਮੈਂਬਰ ਸਨ ਅਤੇ ਗੁਰਦਿਆਲ ਸਿੰਘ ਵੀ ਉਨ੍ਹਾਂ ਦੇ ਮੈਂਬਰ ਸਨ। ਉਥੇ ਬਹੁਤ ਵੱਡੇ ਵੱਡੇ ਸਾਹਿਤਕਾਰ ਆਉਂਦੇ ਸਨ। ਉਨ੍ਹਾਂ ਕਿਹਾ ਗੁਰਦਿਆਲ ਸਿੰਘ ਨੇ ਪੰਜਾਬੀ ਸਾਹਿਤ ਨੂੰ ਆਮ ਲੋਕਾਂ ਦਾ ਸਾਹਿਤ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ ਅਤੇ ਪੰਜਾਬੀ ਨਾਵਲ ਨੂੰ ਵਿਸ਼ੇਸ਼ ਮੋੜ ਦਿੱਤਾ। ਸ਼ੁਰੂ ਵਿਚ ਉਨ੍ਹਾਂ ਨੇ ਕੁਝ ਕਵਿਤਾਵਾਂ ਵੀ ਲਿਖੀਆਂ ਅਤੇ ਉਹ ਗੁਰਦਿਆਲ ਸਿੰਘ ਰਾਹੀ ਦੇ ਨਾਂ ਤੇ ਪ੍ਰਕਾਸ਼ਿਤ ਹੋਈਆਂ ਪਰ "ਮੜ੍ਹੀ ਦਾ ਦੀਵਾ" ਪ੍ਰਕਾਸ਼ਿਤ ਹੋਣ ਉਪਰੰਤ ਦੇ ਉਨ੍ਹਾਂ ਦੇ ਨਾਮ ਨਾਲ "ਮੜ੍ਹੀ ਦਾ ਦੀਵਾ" ਜੁੜ ਗਿਆ। ਹਰਦਮ ਸਿੰਘ ਮਾਨ ਨੇ ਉਨ੍ਹਾਂ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਉਨ੍ਹਾਂ ਨੂੰ ਗੁਰਦਿਆਲ ਸਿੰਘ ਦੀ ਸਾਹਿਤਕ ਬੁੱਕਲ ਮਾਨਣ ਦਾ ਫ਼ਖ਼ਰ ਹਾਸਲ ਹੈ। ਉਹ ਬਹੁਤ ਹੀ ਦਰਵੇਸ਼ ਇਨਸਾਨ, ਵੱਡੇ ਵਿਦਵਾਨ, ਚਿੰਤਕ ਅਤੇ ਸਾਹਿਤਕਾਰ ਸਨ ਜਿਨ੍ਹਾਂ ਪੰਜਾਬੀ ਸਾਹਿਤ ਨੂੰ ਵਿਸ਼ਵ ਦੀਆਂ ਬੁਲੰਦੀਆਂ ਤੀਕ ਪੁਚਾਇਆ। ਉਨ੍ਹਾਂ ਦਾ ਜੀਵਨ ਸ਼ੁਰੂ ਵਿਚ ਬੇਹੱਦ ਸੰਘਰਸ਼ਮਈ ਰਿਹਾ। ਉਨ੍ਹਾਂ ਨੇ ਦਸ ਨਾਵਲਾਂ, ਦਸ ਕਹਾਣੀ ਸੰਗ੍ਰਹਾਂ, ਤਿੰਨ ਨਾਟਕਾਂ ਤੇ ਦਸ ਬਾਲ ਪੁਸਤਕਾਂ ਦੇ ਯੋਗਦਾਨ ਰਾਹੀਂ ਪੰਜਾਬੀ ਸਾਹਿਤ ਸਾਹਿਤ ਨੂੰ ਮਾਲੋਮਾਲ ਕੀਤਾ। ਜਿਨ੍ਹਾਂ ਦੀ ਬਦੌਲਤ ਉਨ੍ਹਾਂ ਨੂੰ ਸਾਹਿਤ ਦੇ ਵੱਡੇ ਵੱਡੇ ਮਾਣ ਸਨਮਾਨ ਮਿਲੇ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਨਾਇਕ ਦੇ ਪ੍ਰਚੱਲਤ ਸੰਕਲਪ ਨੂੰ ਤੋੜਿਆ ਅਤੇ ਦੱਬੇ ਕੁਚਲੇ ਲੋਕਾਂ ਨੂੰ ਅਤੇ ਆਮ ਲੋਕਾਂ ਨੂੰ ਪੰਜਾਬੀ ਨਾਵਲ ਦੇ ਨਾਇਕ ਬਣਾਇਆ। ਉਨ੍ਹਾਂ ਦੇ ਨਾਵਲਾਂ ਵਿਚ ਲੇਖਕ ਖ਼ੁਦ ਕਿਤੇ ਨਜ਼ਰ ਨਹੀਂ ਆਉਂਦਾ ਸਗੋਂ ਪਾਤਰ ਹੀ ਆਪਣੇ ਸਹਿਜ ਵਿਚ ਪ੍ਰਗਟ ਹੁੰਦੇ ਹਨ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਗੁਰਦਿਆਲ ਸਿੰਘ ਨੂੰ ਪੰਜਾਬੀ ਸਾਹਿਤ ਦਾ ਬਹੁਤ ਵੱਡਾ ਨਾਵਲਕਾਰ ਦੱਸਦਿਆਂ ਕਿਹਾ ਕਿ "ਮੜ੍ਹੀ ਦਾ ਦੀਵਾ" ਤੇ "ਅਣਹੋਏ" ਉਨ੍ਹਾਂ ਦੇ ਵਿਸ਼ਵ ਪ੍ਰਸਿੱਧ ਸ਼ਾਹਕਾਰ ਹਨ। ਉਨ੍ਹਾਂ ਆਪਣੇ ਨਾਵਲਾਂ ਵਿਚ ਠੇਠ ਮਲਵਈ ਭਾਸ਼ਾ ਨੂੰ ਪ੍ਰਸਾਰਨ ਵਿਚ ਵਿਸ਼ੇਸ਼ ਕਾਰਜ ਕੀਤਾ। ਪ੍ਰਸਿੱਧ ਗ਼ਜ਼ਲਗੋ ਜਸਵਿੰਦਰ ਨੇ ਵੀ ਉਨ੍ਹਾਂ ਨੂੰ ਸਾਡੇ ਸਮਿਆਂ ਦਾ ਬਹੁਤ ਵੱਡਾ ਲੇਖਕ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਨਵੀਆਂ ਨਿਵੇਕਲੀਆਂ ਪੈੜਾਂ ਪਾਈਆਂ ਅਤੇ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਮਾਣ ਦਿੱਤਾ ਹੈ। ਉਨ੍ਹਾਂ ਨੂੰ ਭਾਰਤ ਦਾ ਸਭ ਤੋਂ ਵੱਡਾ ਸਾਹਿਤਕ ਐਵਾਰਡ ਗਿਆਨਪੀਠ ਹਾਸਲ ਕਰਨ ਦਾ ਵੀ ਫ਼ਖ਼ਰ ਪ੍ਰਾਪਤ ਹੋਇਆ। ਅੰਗਰੇਜ਼ ਬਰਾੜ ਨੇ ਵੀ ਗੁਰਦਿਆਲ ਸਿੰਘ ਨਾਲ ਬਰਜਿੰਦਰ ਕਾਲਜ ਫਰੀਦਕੋਟ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ।




# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਨਵੇਂ ਵਰ੍ਹੇ ਦੀ ਪਲੇਠੀ ਇਕੱਤਤਰਤਾ

ਸਰੀ (ਹਰਦਮ ਮਾਨ)-ਅਰਪਨ ਲਿਖਾਰੀ ਸਭਾ ਦੀ ਇਸ ਵਰ੍ਹੇ ਦੀ ਪਹਿਲੀ ਮੀਟਿੰਗ ਜ਼ੂਮ ਰਾਹੀਂ ਹੋਈ। ਸਤਨਾਮ ਸਿੰਘ ਢਾਅ ਨੇ ਮੀਟਿੰਗ ਦਾ ਸੰਚਾਲਨ ਕਰਦਿਆਂ ਸਾਰੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਦਿਆਂ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਬੀਤੇ ਵਰ੍ਹੇ ਵਿਚ ਭਾਵੇਂ ਬਹੁਤ ਸਾਰੀਆਂ ਚੁਣੌਤੀਆਂ ਦਰਪੇਸ਼ ਆਈਆਂ,ਪਰ ਦੁਨੀਆਂ ਭਰ ਦੇ ਲੋਕਾਂ ਨੇ ਇਨ੍ਹਾਂ ਦਾ ਬਹੁਤ ਹੌਸਲੇ ਨਾਲ ਮੁਕਾਬਲਾ ਕੀਤਾ। ਉਨ੍ਹਾਂ ਨਵੇਂ ਵਰ੍ਹੇ ਵਿਚ ਵੀ ਪਿਛਲੇ ਵਰ੍ਹੇ ਦੀਆਂ ਚੁਣੌਤੀਆਂ ਦਾ ਹੋਰ ਵੀ ਸ਼ਿਦਤ ਨਾਲ ਟਾਕਰਾ ਕਰਨ ਦੀ ਗੱਲ ਆਖੀ। ਸਭਾ ਵੱਲੋਂ ਸਦੀਵੀ ਵਿਛੋੜਾ ਦੇ ਗਈਆਂ ਸ਼ਖ਼ਸੀਅਤਾਂ ਡਾ। ਕਰਨੈਲ ਸਿੰਘ ਥਿੰਦ, ਡਾ। ਸੁਰਿੰਦਰ ਸਿੰਘ ਦੁਸਾਂਝ ਅਤੇ ਕੈਲਗਰੀ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਹਰਭਜਨ ਸਿੰਘ ਕਾਲਕਟ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕੇਸਰ ਸਿੰਘ ਨੀਰ ਨੇ ਕਰਨੈਲ ਸਿੰਘ ਥਿੰਦ ਦੇ ਜੀਵਨ ਅਤੇ ਲਿਖਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਜਗਦੇਵ ਸਿੰਘ ਸਿੱਧੂ ਨੇ ਡਾ। ਸੁਰਿੰਦਰ ਦੋਸਾਂਝ ਦੇ ਕੀਤੇ ਕੰਮਾਂ ਤੇ ਰੋਸ਼ਨੀ ਪਾਉਂਦਿਆਂ ਉਨ੍ਹਾਂ ਨਾਲ ਅਪਣੀਆਂ ਯਾਦਾਂ ਦੀ ਸਾਂਝ ਪਾਈ। ਉਪਰੰਤ ਬਚਨ ਸਿੰਘ ਗੁਰਮ ਨੇ ਆਪਣੀਆਂ ਦੋ ਕਵਿਤਾਵਾਂ 'ਹੁੰਦਿਆਂ ਸੁੰਦਿਆਂ ਭਰੇ ਪਰਿਵਾਰਾਂ ਦੇ,ਹੋ ਗਈਆਂ ਲਾਸ਼ਾਂ ਲਾ-ਵਾਰਸ , ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀਆਂ ਦੋ ਗ਼ਜ਼ਲਾਂ 'ਜਿਸ ਨੇ ਗ਼ਮ ਦੇ ਸਾਗਰ ਟੁੱਭੀ ਲਾਈ ਏ ਸੋਚ, ਉਸੇ ਦੀ ਮੋਤੀ ਕੱਢ ਲਿਆਈ ਏ , ਜਗਜੀਤ ਰਹਿਸੀ ਨੇ ਚੋਣਵੇਂ ਸ਼ਿਅਰ, ਜਰਨੈਲ ਤੱਗੜ ਨੇ 'ਜ਼ਮੀਰ ਵੇਚ ਕੇ ਅਮੀਰ ਹੋ ਜਾਣਾ, ਇਸ ਤੋਂ ਬਿਹਤਰ ਹੈ ਫ਼ਕੀਰ ਹੋ ਜਾਣਾ , ਤੇਜਾ ਸਿੰਘ ਥਿਆੜਾ ਨੇ ਮਹਾਨ ਕਵੀ ਧਨੀ ਰਾਮ ਚਾਤ੍ਰਿਕ ਦੀ ਕਿਸਾਨੀ ਬਾਰੇ ਬਹੁ-ਚਰਚਿਤ ਕਵਿਤਾ ਸੁਣਾਈ 'ਜਾਂ ਇੱਕ ਕਿਸਮਤ ਦਾ ਵਲੀ ਜਾਗ ਰਿਹਾ ਕਿਰਸਾਨ , ਡਾ। ਮਹਿੰਦਰ ਸਿੰਘ ਹੱਲਣ ਨੇ ਚਾਤ੍ਰਿਕ ਦੀ ਕਵਿਤਾ 'ਰਾਧਾ ਆਖ ਮਗਰੋਂ ਕ੍ਰਿਸ਼ਨ ਕਹਿਣਗੇ ਵੇ ਸਰੋਤਿਆਂ ਨਾਲ ਸਾਂਝੀ ਕੀਤੀ। ਇਕਬਾਲ ਖ਼ਾਨ ਨੇ ਆਪਣੀ ਇਕ ਕਵਿਤਾ 'ਨਵਾਂ ਸਾਲ ਮੁਬਾਰਕ ਕਿ ਆਸ ਅਜੇ ਮਰੀ ਨਹੀਂ , ਅਜਾਇਬ ਸਿੰਘ ਸੇਖੋਂ ਨੇ ਦੋ ਕਵਿਤਾਵਾਂ 'ਚੱਲੀਏ ਸੇਖੋਂ ਸੱਚ ਦੇ ਰਾਹ , ਸੁਖਵਿੰਦਰ ਤੂਰ ਨੇ ਜਗਦੇਵ ਸਿੱਧੂ ਦੀ ਨਵੀਂ ਰਚਨਾ 'ਕਿਸਾਨ ਅੰਦੋਲਨ ਦੀ ਵਾਰ ਅਤੇ ਮਰਹੂਮ ਪ੍ਰੋ। ਮੋਹਨ ਸਿੰਘ ਔਜਲਾ ਦੀ ਗ਼ਜ਼ਲ 'ਅਜੇ ਹੋਰ ਅੰਬਰ ਦੇ ਤਾਰੇ ਬੜੇ ਨੇ ਆਪਣੀ ਬੁਲੰਦ ਆਵਾਜ਼ ਅਤੇ ਸੁਰੀਲੇ ਸੁਰ ਵਿਚ ਪੇਸ਼ ਕੀਤੀ। ਸਰੂਪ ਸਿੰਘ ਮੰਡੇਰ ਨੇ ਦਸਮੇਸ਼ ਪਿਤਾ ਬਾਰੇ ਕਵੀਸ਼ਰੀ ਰੰਗ ਰਾਹੀਂ ਨਵੀਂ ਵੰਨਗੀ ਪਰੋਸੀ। ਜਗਦੇਵ ਸਿੰਘ ਸਿੱਧੂ ਨੇ ਲੋਕ-ਧਾਰਨਾ ਦੀਆਂ ਅਟੱਲ ਸਚਾਈਆਂ ਨੂੰ ਸੋਧ ਕੇ ਨਵੀਂ ਤਰਜ਼ ਵਿਚ ਢਾਲ ਕੇ ਪੇਸ਼ ਕੀਤੇ 'ਮਿਲ ਜਾਣ ਜੇ ਪਲਾਂ ਦੇ ਹਾਸੇ, ਉਮਰਾਂ ਲਈ ਸਾਭ ਰੱਖੀਏ । ਸਤਨਾਮ ਢਾਅ ਨੇ ਭਾਰਤ ਦੇਸ਼ ਦੇ ਸੁਆਰਥੀ ਲੀਡਰਾਂ ਦੀ ਅਤੇ ਲੋਕਾਂ ਦੀ ਬੇਇਫ਼ਾਕੀ ਬਾਰੇ ਯਥਾਰਥ ਦੀ ਤਸਵੀਰ ਪੇਸ਼ ਕਰਦੀ ਕਵਿਤਾ 'ਇਹ ਹੈ ਸਰਾਂ ਮੁਸਾਫ਼ਰਾਂ ਦੀ,ਸਦਾ ਬੈਠ ਨਾ ਰਿਹਾ ਸੰਸਾਰ ਕੋਈ ਪੇਸ਼ ਕੀਤੀ। ਸ। ਢਾਅ ਨੇ ਅੰਤ ਵਿਚ ਤੰਦਰੁਸਤੀ ਦੀ ਕਾਮਨਾ ਕਰਦੇ ਸਾਰੇ ਸਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

ਬੀ.ਸੀ. ਵਿੱਚ ਕੋਵਿਡ-19




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 15 ਜਨਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਲੀਲਾ ਅਹੀਰ ਲਈ ਅਗਲੀਆਂ ਚੋਣਾਂ 'ਚ ਉਤਰਨਾ ਹੋ ਸਕਦਾ ਮੁਸ਼ਕਲ

## ਰਾਇਡਿੰਗ ਐਸੋਸੀਏਸ਼ਨ ਚੋਣ 'ਚ ਲੀਲਾ ਦਾ ਗਰੁੱਪ ਹਾਰਿਆ



ਕੈਲਗਰੀ (ਕਮਲਜੀਤ ਬੁੱਟਰ)-ਚੈਸਟਰਮੀਅਰ-ਸਟ੍ਰੈਥਮੋਰ ਰਾਇਡਿੰਗ ਤੋਂ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਰਾਇਡਿੰਗ ਐਸੋਸਿਏਸ਼ਨ ਦੀ ਚੋਣ ਨੂੰ ਲੈ ਕੇ ਰੱਫੜ ਪੈ ਗਿਆ ਹੈ। ਯੁਸੀਪੀ ਦੀ ਐਮ।ਐਲ ਏ। ਅਤੇ ਸਾਬਕਾ ਮੰਤਰੀ ਲੀਲਾ ਅਹੀਰ ਦੇ ਗਰੁਪ ਦੇ ਮੈਂਬਰ ਇਸ ਰਾਇਡਿੰਗ ਐਸੋਸਿਏਸ਼ਨ 'ਤੇ ਕਾਬਿਜ਼ ਸਨ ਪਰ ਪਿਛਲੇ ਹਫ਼ਤੇ ਹੋਈ ਰਾਇਡਿੰਗ ਐਸੋਸਿਏਸ਼ਨ ਦੀ ਚੋਣ ਵਿੱਚ ਇਸ ਗਰੁਪ ਨੂੰ ਹਰਾ ਦਿੱਤਾ ਗਿਆ ਹੈ ਤੇ ਨਵਾਂ ਗਰੁਪ ਕਾਬਿਜ਼ ਹੋ ਗਿਆ ਹੈ। ਪਿਛਲੀ ਅਸੋਸਿਏਸ਼ਨ ਦੇ ਪ੍ਰੈਜ਼ਿਡੈਂਟ ਜੌਨ ਕਿਟਲਰ ਦਾ ਕਹਿਣਾ ਹੈ ਕਿ 50 ਦੇ ਕਰੀਬ ਵਿਅਕਤੀ ਲਿਸਟ ਵਿੱਚ ਸ਼ਾਮਿਲ ਸਨ ਜਿਹੜੇ ਵੋਟਿੰਗ ਕਰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ ਪਰ ਉਹਨਾਂ ਫਿਰ ਵੀ ਵੋਟਾਂ ਪਾ ਦਿੱਤੀਆਂ ਤੇ ਨਵੀਂ ਕਮੇਟੀ ਚੁਣ ਲਈ। ਜੌਨ ਕਿਟਲਰ ਨੇ ਕਿਹਾ ਕਿ ਉਹ ਪਹਿਲਾਂ ਵਾਂਗ ਕੰਮ ਕਰਦੇ ਰਹਿਣਗੇ ਤੇ ਆਪਣਾ ਅਹੁਦਾ ਨਹੀਂ ਛੱਡਣਗੇ ਪਰ ਪਾਰਟੀ ਦਾ ਕਹਿਣਾ ਹੈ ਕਿ ਜੌਨ ਕਿਟਲਰ ਹਾਰ ਗਿਆ ਹੈ ਤੇ ਨਵੀਂ ਕਮੇਟੀ ਹੋਂਦ ਵਿੱਚ ਆ ਗਈ ਹੈ। ਪਾਰਟੀ ਦੇ ਐਗਜ਼ੈਕਟਿਵ ਡਾਇਰੈਕਟਰ ਡਸਟਿਨ ਵੈਨ ਵਗਟ ਦਾ ਕਹਿਣਾ ਹੈ ਕਿ ਜੌਨ ਕਿਟਲਰ ਹੁਣ ਅਸੋਸਇਟੇਸ਼ਨ ਦਾ ਪ੍ਰਧਾਨ ਨਹੀਂ ਰਿਹਾ ਹੈ ਤੇ ਬਿਲਕੁਲ ਸਹੀ ਚੋਣ ਹੋਈ ਹੈ। ਐਮਐਲਏ ਲੀਲਾ ਅਹੀਰ ਨੂੰ ਅਗਲੀਆਂ ਚੋਣਾਂ ਵਿੱਚ ਸ਼ੈਂਟੈੱਲ ਡੀ ਯੰਗ ਵੱਲੋਂ ਚੁਣੌਤੀ ਦਿੱਤੇ ਜਾਣ ਦੀ ਸੰਭਾਵਨਾ ਹੈ।

# ਸ: ਅਮਰ ਸਿੰਘ ਗਿੱਲ ਦਾ ਸਦੀਵੀ ਵਿਛੋੜਾ



ਸਰੀ (ਹਰਦਮ ਮਾਨ)-ਬੜੇ ਦੁੱਖ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਅਮਰ ਸਿੰਘ ਗਿੱਲ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ ਹਨ। ਉਹ 90 ਸਾਲ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਨਵਾਂ ਚੂਹੜ ਚੱਕ ਜ਼ਿਲ੍ਹਾ ਮੋਗਾ ਸੀ ਅਤੇ ਪਿਛਲੇ 35 ਸਾਲ ਤੋਂ ਸਰੀ ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਅੰਤਮ ਸਸਕਾਰ 14 ਜਨਵਰੀ 2022 ਦਿਨ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ 2।30 ਫਾਈਵ ਰਿਵਰਜ਼ ਫਿਊਨਰਲ ਹੋਮ, ਡੈਲਟਾ ਵਿਖੇ ਹੋਵੇਗਾ ਅਤੇ ਉਸ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਨਾਨਕਸਰ ਸਾਹਿਬ, ਨਿਊ ਵੈਸਟਮਿਨਸਟਰ ਹਾਈਵੇ, ਰਿਚਮੰਡ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 604-597-6613 ਅਤੇ ਚਮਕੌਰ ਸਿੰਘ ਧਾਲੀਵਾਲ ਨਾਲ ਫੋਨ ਨੰਬਰ 604-807-8600 ਤੇ ਸੰਪਰਕ ਕੀਤਾ ਜਾ ਸਕਦਾ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MES MEDALLION CLUB MEMBER
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਬ੍ਰਿਟਿਸ਼ ਕੋਲੰਬੀਆ ਮਾਪਿਓ, ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ !

ਸਰੀ-ਬੀਸੀ ਦੇ ਸਰਕਾਰੀ ਸਕੂਲਾਂ ਵਿੱਚ 8 ਸਾਲਾਂ ਲਈ ਪੰਜਾਬੀ ਪੜ੍ਹਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਸਕੂਲਾਂ ਵਿੱਚ ਦੂਜੀ ਭਾਸ਼ਾ ਸਿਖਾਉਣ ਦਾ ਉਦੇਸ਼ ਬੱਚਿਆਂ ਨੂੰ ਦੋਭਾਸ਼ੀਏ ਬਣਾਉਣਾ ਹੈ ਕਿਉਂਕਿ ਦੋਭਾਸ਼ੀਆਵਾਦ ਉਨ੍ਹਾਂ ਦੇ ਦਿਮਾਗ ਦਾ ਵਿਕਾਸ ਕਰਦਾ ਹੈ, ਅਤੇ ਉਨ੍ਹਾਂ ਨੂੰ ਹੋਰ ਰਚਨਾਤਮਕ ਬਣਾਉਂਦਾ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ 4 ਸਾਲ (ਪੰਜਵੀਂ ਤੋਂ ਅੱਠਵੀਂ ਤੱਕ) ਦੂਜੀ ਭਾਸ਼ਾ ਪੜ੍ਹਾਈ ਜਾਂਦੀ ਹੈ, ਜੋ ਕਿ ਲਾਜ਼ਮੀ ਹੈ। ਬੱਚੇ ਇਹਨਾਂ ਵਿੱਚੋਂ ਇੱਕ ਭਾਸ਼ਾ ਚੁਣ ਸਕਦੇ ਹਨ: ਪੰਜਾਬੀ, ਫਰਾਂਸੀਸੀ, ਮੈਂਡਰਿਨ, ਜਾਪਾਨੀ, ਸਪੈਨਿਸ਼ ਅਤੇ ਜਰਮਨ। ਕੈਨੇਡਾ ਦੀ ਜਨਗਣਨਾ 2016 ਦੇ ਅਨੁਸਾਰ, ਅੰਗਰੇਜ਼ੀ ਤੋਂ ਬਾਅਦ, ਪੰਜਾਬੀ ਬੀ ਸੀ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਸ ਦੇ ਲਈ ਬੱਚਿਆਂ ਨੂੰ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਚੁਣਨਾ ਚਾਹੀਦਾ ਹੈ। ਨੌਂਵੀਂ ਤੋਂ ਬਾਰ੍ਹਵੀਂ ਤੱਕ ਦੇ ਬੱਚੇ ਪੰਜਾਬੀ ਵਿਸ਼ੇ ਵਜੋਂ ਪੜ੍ਹ ਸਕਦੇ ਹਨ। ਕਨੇਡਾ ਦੀ ਜਨਗਣਨਾ 2016 ਦੇ ਅਨੁਸਾਰ, ਬ੍ਰਿਟਿਸ਼ ਕੋਲੰਬੀਆ ਵਿੱਚ 198,805 ਲੋਕ ਪੰਜਾਬੀ ਬੋਲਦੇ ਹਨ ਅਤੇ 57,425 ਫਰਾਂਸੀਸੀ ਬੋਲਦੇ ਹਨ। ਨੌਕਰੀਆਂ ਵਿੱਚ ਪੰਜਾਬੀ-ਅੰਗਰੇਜ਼ੀ ਦੋਭਾਸ਼ੀਆਂ ਦੀ ਵੱਡੀ ਮੰਗ ਹੈ। ਬੀਸੀ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਹਮੇਸ਼ਾਂ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪਹਿਲ ਦੇਣੀ ਚਾਹੀਦੀ ਹੈ ਕਿਉਂਕਿ ਬੀਸੀ ਸਕੂਲਾਂ ਵਿੱਚ 8 ਸਾਲ ਤੱਕ ਪੰਜਾਬੀ ਪੜ੍ਹ ਕੇ ਬੱਚੇ ਪੰਜਾਬੀ-ਅੰਗਰੇਜ਼ੀ ਦੋਭਾਸ਼ੀਏ ਬਣ ਸਕਦੇ ਹਨ। ਸਕੂਲ ਵਿੱਚ 4 ਸਾਲ ਫਰਾਂਸੀਸੀ ਪੜ੍ਹਕੇ ਬੱਚੇ ਅੰਗਰੇਜ਼ੀ-ਫਰਾਂਸੀਸੀ ਦੋਭਾਸ਼ੀਏ ਨਹੀਂ ਬਣਦੇ। ਸਿਰਫ਼ 4 ਸਾਲਾਂ ਲਈ ਫਰਾਂਸੀਸੀ ਸਿੱਖਣਾ ਸਮੇਂ ਦੀ ਬਰਬਾਦੀ ਹੈ। ਦੂਜੀ ਭਾਸ਼ਾ ਸਿੱਖਣ ਦਾ ਮਕਸਦ ਤੁਹਾਡੇ ਬੱਚਿਆਂ ਨੂੰ ਦੋਭਾਸ਼ੀਏ ਬਣਾਉਣਾ ਹੈ, ਤਾਂ ਜੋ ਉਨ੍ਹਾਂ ਦੇ ਦਿਮਾਗ਼ ਦਾ ਵਿਕਾਸ ਹੋ ਸਕਣ। ਬ੍ਰਿਟਿਸ਼ ਕੋਲੰਬੀਆ ਵਿੱਚ ਬੱਚਿਆਂ ਲਈ ਫਰਾਂਸੀਸੀ ਦੀ ਬਜਾਏ 8 ਸਾਲ ਤੱਕ ਪੰਜਾਬੀ ਪੜ੍ਹਨ ਨਾਲ ਨੌਕਰੀ ਹਾਸਿਲ ਕਰਨ ਦੇ ਮੌਕੇ ਵਧਣਗੇ। ਇਸ ਨਾਲ ਤੁਹਾਡੇ ਬੱਚੇ ਆਪਣੀ ਬੋਲੀ, ਸੱਭਿਅਤਾ, ਤੇ ਧਰਮ ਨਾਲ ਵੀ ਜੁੜੇ ਰਹਿਣਗੇ। ਇਹ ਗੱਲਬਾਤ ਸਰੀ ਨਿਵਾਸੀ ਪ੍ਰੋ: ਕੁਲਦੀਪ ਪੇਲੀਆ ਕਰ ਰਹੇ ਸਨ।

# "ਗੁਰਬਾਣੀ ਦਰਸ਼ਨ" ਤਿੰਨ ਭਾਸ਼ਾਵਾਂ ਵਿਚ ਰਚਿਤ ਅਤਿਅੰਤ ਨਿਵੇਕਲੀ ਪੁਸਤਕ

ਸਰੀ, (ਹਰਦਮ ਮਾਨ)-ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਦੁਆਰਾ ਰਚਿਤ "ਗੁਰਬਾਣੀ ਦਰਸ਼ਨ" ਇਕ ਵੱਡ-ਆਕਾਰੀ ਨਿਵੇਕਲੀ ਪੁਸਤਕ ਹੈ। ਇਸ ਪੁਸਤਕ ਰਾਹੀਂ ਗੁਰਬਾਣੀ ਪ੍ਰਚਾਰ ਵਾਸਤੇ, ਅਜੋਕੇ ਨਵੇਂ ਢੰਗ ਨਾਲ ਸਿੱਖ ਪੰਥ ਵਿਚ ਨਵੀਆਂ ਪੈੜਾਂ ਪਾਉਂਣ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ, ਤਿੰਨ ਭਾਸ਼ਾਵਾਂ ਵਿਚ ਗੁਰਬਾਣੀ ਦੇ ਅਰਥ ਕਰਨ ਅਤੇ ਪੁਸਤਕ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਲਈ ਠਾਕੁਰ ਦਲੀਪ ਸਿੰਘ ਵੱਲੋਂ ਕਈ ਗ੍ਰੰਥਾਂ ਅਤੇ ਵਿਦਵਾਨਾਂ ਦੀ ਮਦਦ ਲਈ ਗਈ ਹੈ। ਪੁਸਤਕ ਦੀ ਵਿਲੱਖਣਤਾ ਇਸ ਕਰਕੇ ਵੀ ਹੈ ਕਿ ਇਸ ਵਿਚ ਫੋਟੋ ਕਲਾ ਰਾਹੀਂ ਗੁਰਬਾਣੀ ਨੂੰ ਦ੍ਰਿਸ਼ਟੀਮਾਨ ਕਰਨ ਦਾ ਵੱਡਾ ਇਤਿਹਾਸਕ ਅਤੇ ਮਹੱਤਵਪੂਰਨ ਕਾਰਜ ਕੀਤਾ ਗਿਆ ਹੈ। ਇਹ ਪੁਸਤਕ ਵਿਸ਼ਵੀਕਰਨ ਦੀ ਚਮਕ ਤੋਂ ਪ੍ਰਭਾਵਿਤ ਅੱਜ ਦੀ ਪੀੜ੍ਹੀ ਨੂੰ ਫੋਟੋਗ੍ਰਾਫੀ ਕਲਾ ਰਾਹੀਂ ਗੁਰਬਾਣੀ ਅਤੇ ਕੁਦਰਤ ਨਾਲ ਜੋੜਨ ਦਾ ਨਵਾਂ ਨਿਵੇਕਲਾ ਕਾਰਜ ਹੈ। ਪੁਸਤਕ ਨੂੰ ਵਾਚਦਿਆਂ ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਠਾਕੁਰ ਦਲੀਪ ਸਿੰਘ ਤਸਵੀਰਕਸ਼ੀ (ਫੋਟੋਗ੍ਰਾਫੀ) ਦੇ ਹੁਨਰ ਦੀਆਂ ਬਾਰੀਕੀਆਂ ਨੂੰ ਤਲਾਸ਼ਣ/ਤਰਾਸ਼ਣ ਅਤੇ ਪਕੜਨਾ ਬਾਖੂਬੀ ਜਾਣਦੇ ਹਨ, ਜਿਸ ਕਾਰਨ ਉਹ ਕੁਦਰਤ ਦੇ ਜਲਵਿਆਂ ਨੂੰ ਕੈਮਰੇ ਦੀ ਅੱਖ ਤੋਂ ਦੂਰ ਨਹੀਂ ਰਹਿਣ ਦਿੰਦੇ। ਇਸ ਪ੍ਰਕਾਰ ਦੀ, ਇਹ ਇੱਕੋ ਇਕ ਪੁਸਤਕ ਹੈ; ਜਿਸ ਵਿਚ ਬਹੁਤ ਲੰਬੀ ਮਿਹਨਤ ਅਤੇ ਕਲਾ-ਜੁਗਤੀਆਂ ਦੀ ਪੇਸ਼ਕਾਰੀ ਸਾਫ ਝਲਕਦੀ ਹੈ। ਫੋਟੋਗ੍ਰਾਫੀ ਰਾਹੀਂ ਗੁਰਬਾਣੀ ਨੂੰ ਦ੍ਰਿਸ਼ਟੀਮਾਨ ਕਰਨਾ ਅਤੇ ਉਸ ਦੀ ਵਿਆਖਿਆ ਕਰਨੀ ਕੋਈ ਆਸਾਨ ਕੰਮ ਨਹੀਂ; ਪਰ ਠਾਕੁਰ ਦਲੀਪ ਸਿੰਘ ਆਪਣੀ ਤੀਜੇ ਨੇਤਰ ਦੀ ਵਿਲੱਖਣ ਤੱਕਣੀ ਨਾਲ ਕੁਦਰਤ ਦੀਆਂ ਪਰਤਾਂ ਵਿੱਚ ਵਿਚਰਦਿਆਂ ਬ੍ਰਹਿਮੰਡ ਦੇ ਰਹੱਸਾਂ ਤੱਕ ਜਾ ਪਹੁੰਚਦੇ ਹਨ। ਨਿਰਾਕਾਰ ਦੀ ਗੱਲ ਕਰਦਿਆਂ, "ਗੁਰਬਾਣੀ" ਵਿਚ ਸਾਕਾਰ ਦਾ ਵੀ ਵਰਨਣ ਕੀਤਾ ਗਿਆ ਹੈ। ਇਸ ਵਿਚ ਫੋਟੋਗ੍ਰਾਫੀ ਰਾਹੀਂ ਪ੍ਰਭੂ ਦੇ ਦੋਵੇਂ ਤਰ੍ਹਾਂ ਦੇ ਜਲਵਿਆਂ ਦੀ ਅਲੌਕਿਕਤਾ ਨੂੰ ਪ੍ਰਗਟਾਉਣ ਲਈ ਸੰਸਾਰਿਕ ਵਸਤੂਆਂ ਦਾ ਸਹਾਰਾ ਵੀ ਲਿਆ ਗਿਆ ਹੈ। ਇਹ ਵੱਡ-ਆਕਾਰੀ ਸੁਚਿਤਰ ਪੁਸਤਕ ਹਰ ਗੁਰਬਾਣੀ ਪ੍ਰੇਮੀ ਲਈ ਨਾਯਾਬ ਤੋਹਫਾ ਹੈ।







## ਢੀਂਡਸਾ ਦੀ ਪਾਰਟੀ ਨੂੰ ਟੈਲੀਫੋਨ ਚੋਣ ਨਿਸ਼ਾਨ ਅਲਾਟ

ਚੰਡੀਗੜ੍ਹ-ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ ਵੀਰਵਾਰ ਨੂੰ ਟੈਲੀਫੋਨ ਚੋਣ ਨਿਸ਼ਾਨ ਅਲਾਟ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਹਾਲ ਹੀ ਵਿੱਚ ਭਾਜਪਾ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਸਿਆਸੀ ਪਾਰਟੀ ਪੰਜਾਬ ਲੋਕ ਕਾਂਗਰਸ ਨਾਲ ਚੋਣ ਸਮਝੌਤਾ ਕੀਤਾ ਸੀ। ਪਾਰਟੀ ਦੇ ਬੁਲਾਰੇ ਮਨਿੰਦਰਪਾਲ ਸਿੰਘ ਬਰਾੜ ਨੇ ਦੱਸਿਆ ਕਿ ਚੋਣ ਕਮਿਸ਼ਨ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ ਟੈਲੀਫੋਨ ਚੋਣ ਨਿਸ਼ਾਨ ਅਲਾਟ ਕੀਤਾ ਹੈ।

## ਚੋਣ ਕਮਿਸ਼ਨ ਵਲੋਂ ਆਮ ਆਦਮੀ ਪਾਰਟੀ ਨੂੰ ਜ਼ਾਬਤੇ ਦੀ ਉਲੰਘਣਾ ਲਈ ਨੋਟਿਸ

ਚੰਡੀਗੜ੍ਹ-ਭਾਰਤੀ ਚੋਣ ਕਮਿਸ਼ਨ ਨੇ ਆਮ ਆਦਮੀ ਪਾਰਟੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦਾ ਨੋਟਿਸ ਜਾਰੀ ਕੀਤਾ ਹੈ, ਕਿਉਂਕਿ ਘਰ-ਘਰ ਸੰਪਰਕ ਮੁਹਿੰਮ ਤਹਿਤ ਇਸ ਦੇ ਪੰਜ ਵਿਅਕਤੀਆਂ ਤੋਂ ਵੱਧ ਆਗੂ ਘਰਾਂ ਵਿਚ ਜਾ ਰਹੇ ਸਨ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਖਰੜ ਵਿਧਾਨ ਸਭਾ ਹਲਕੇ ਵਿਚ ਘਰ-ਘਰ ਸੰਪਰਕ ਮੁਹਿੰਮ ਦਾ ਆਗਾਜ਼ ਕੀਤੇ ਜਾਣ ਤੋਂ ਤੁਰੰਤ ਬਾਅਦ ਚੋਣ ਕਮਿਸ਼ਨ ਨੇ ਇਹ ਨੋਟਿਸ ਜਾਰੀ ਕਰ ਦਿੱਤਾ। ਕੇਜਰੀਵਾਲ ਵੱਲੋਂ ਨਾਗਰਿਕਾਂ ਨੂੰ ਮਿਲੇ ਕੇ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ ਸੀ। ਨੋਟਿਸ ਵਿਚ ਖਰੜ ਦੇ ਰਿਟਰਨਿੰਗ ਅਫ਼ਸਰ ਨੇ ਕਿਹਾ ਕਿ 'ਆਪ' ਵਾਲੰਟੀਅਰਾਂ ਨੇ ਪੰਜ ਜਣਿਆਂ ਤੋਂ ਵੱਧ ਦੇ ਸਮੂਹਾਂ ਵਿਚ ਲੋਕਾਂ ਤੱਕ ਪਹੁੰਚ ਕਰ ਕੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਇਸ ਨੋਟਿਸ ਦਾ ਜਵਾਬ 24 ਘੰਟਿਆਂ ਅੰਦਰ ਮੰਗਿਆ ਗਿਆ ਹੈ।

## ਉੱਤਰ ਪ੍ਰਦੇਸ਼ ਵਿਚ ਮੰਤਰੀ ਤੇ ਵਿਧਾਇਕ ਭਾਜਪਾ ਨੂੰ ਛੱਡਣ ਲੱਗੇ

ਲਖਨਊ-ਉੱਤਰ ਪ੍ਰਦੇਸ਼ ਸਰਕਾਰ ਵਿੱਚ ਆਯੂਸ਼, ਫੂਡ ਸੇਫਟੀ ਅਤੇ ਡਰੱਗ ਐਡਮਿਨਿਸਟ੍ਰੇਸ਼ਨ ਮੰਤਰੀ ਧਰਮ ਸਿੰਘ ਸੈਣੀ ਨੇ ਵੀਰਵਾਰ ਨੂੰ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਹੈ। ਪਿਛਲੇ ਤਿੰਨ ਦਿਨਾਂ ਵਿੱਚ ਅੱਜ ਤੱਕ ਰਾਜ ਦੀ ਯੋਗੀ ਆਦਿਤਿਆਨਾਥ ਦੀ ਅਗਵਾਈ ਵਾਲੀ ਸਰਕਾਰ ਦੇ ਮੰਤਰੀ ਮੰਡਲ ਤੋਂ ਤਿੰਨ ਮੰਤਰੀਆਂ ਨੇ ਅਸਤੀਫਾ ਦੇ ਦਿੱਤਾ ਹੈ। ਸ੍ਰੀ ਸੈਣੀ ਨੇ ਅੱਜ ਸਮਾਜਵਾਦੀ ਪਾਰਟੀ ਦੇ ਨੇਤਾ ਅਖਿਲੇਸ਼ ਯਾਦਵ ਨਾਲ ਮੁਲਾਕਾਤ ਕਰਕੇ ਪਾਰਟੀ ਵਿੱਚ ਸ਼ਮੂਲੀਅਤ ਕਰ ਲਈ। ਸ੍ਰੀ ਸਵਾਮੀ ਪ੍ਰਸਾਦ ਮੌਰਿਆ, ਦਾਰਾ ਸਿੰਘ ਚੌਹਾਨ ਅਤੇ ਅੱਜ ਧਰਮ ਸਿੰਘ ਸੈਣੀ ਨੇ ਅਸਤੀਫਾ ਦੇ ਦਿੱਤਾ। ਇਸ ਤੋਂ ਪਹਿਲਾਂ ਉੱਤਰ ਪ੍ਰਦੇਸ਼ ਦੇ ਫ਼ਿਰੋਜ਼ਾਬਾਦ ਜ਼ਿਲ੍ਹੇ ਦੇ ਸ਼ਿਕੋਹਾਬਾਦ ਵਿਧਾਨ ਸਭਾ ਹਲਕੇ ਤੋਂ ਭਾਜਪਾ ਵਿਧਾਇਕ ਡਾ. ਮੁਕੇਸ਼ ਵਰਮਾ ਨੇ ਅੱਜ ਤੜਕੇ ਪੱਤਰ ਜਾਰੀ ਕਰਕੇ ਭਾਰਤੀ ਜਨਤਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ।

TRANSource
FREIGHTWAYS

# Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and
Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcegreightways.com



# ਸਿਰਦਰਦ ਦਾ ਸਮਾਂਬੱਧ ਇਲਾਜ ਅਤੇ ਕਾਰਨ

**ਸਿਰਦਰਦ ਦੇ ਅਸਲੀ ਕਾਰਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸਹੀ ਹੱਲ ਤੋਂ ਬਿਨਾਂ ਸਿਰਦਰਦ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਜਾਵੇ। ਸਹੀ ਇਲਾਜ ਲਈ ਸਕੈਨਿੰਗ ਅਤੇ ਪ੍ਰਯੋਗਸ਼ਾਲਾ ਜਾਂਚ ਆਦਿ ਨਵੀਆਂ ਤਕਨੀਕਾਂ ਜ਼ਰੀਏ ਸਿਰਦਰਦ ਦੇ ਕਾਰਨ ਲੱਭਣੇ ਜ਼ਰੂਰੀ ਹਨ।**

ਇਹ ਇਕ ਨਿਊਰੋਲੋਜੀਕਲ ਸਥਿਤੀ ਹੈ, ਜਿਸ 'ਚ ਮਰੀਜ਼ ਨੂੰ ਇਸ ਦੇ ਕਾਰਨਾਂ ਦਾ ਗਿਆਨ ਨਹੀਂ ਹੁੰਦਾ। ਇਸ ਨਾਲ ਸਿਰ ਜਾਂ ਚਿਹਰੇ ਦੇ ਨੇੜੇ-ਤੇੜੇ ਦਰਦ ਜਾਂ ਲਗਾਤਾਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਸਿਰਦਰਦ ਨਿਊਰੋਲੋਜੀਕਲ ਸਮੱਸਿਆ ਹੈ, ਜੋ ਜ਼ਿਆਦਾਤਰ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਮਨੁੱਖੀ ਜ਼ਿੰਦਗੀ 'ਚ ਵੱਖ-ਵੱਖ ਤਰ੍ਹਾਂ ਦੇ ਸਿਰਦਰਦ ਦਾ ਵਰਣਨ ਮਿਲਦਾ ਹੈ ਪਰ ਸਭ ਤੋਂ ਆਮ ਮਾਈਗ੍ਰੇਨ ਤੇ ਤਣਾਅ ਆਦਿ ਨਾਲ ਸਬੰਧਿਤ ਸਿਰਦਰਦ ਹੈ। ਇਹ ਦਰਦ ਆਮ ਹੈ, ਹਾਲਾਂਕਿ ਇਨ੍ਹਾਂ ਨਾਲ ਜੀਵਨ ਨੂੰ ਖ਼ਤਰਾ ਨਹੀਂ ਹੈ ਪਰ ਸਿਰਦਰਦ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਨੂੰ ਜ਼ਬਰਦਸਤ ਰੂਪ ਨਾਲ ਪ੍ਰਭਾਵਿਤ ਕਰਦਾ ਹੈ।

## ਕੀ ਹੈ ਸਿਰਦਰਦ ?

ਇਹ ਇਕ ਨਿਊਰੋਲੋਜੀਕਲ ਸਥਿਤੀ ਹੈ, ਜਿਸ 'ਚ ਮਰੀਜ਼ ਨੂੰ ਇਸ ਦੇ ਕਾਰਨਾਂ ਦਾ ਗਿਆਨ ਨਹੀਂ ਹੁੰਦਾ। ਇਸ ਨਾਲ ਸਿਰ ਜਾਂ ਚਿਹਰੇ ਦੇ ਨੇੜੇ-ਤੇੜੇ ਦਰਦ ਜਾਂ ਲਗਾਤਾਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਦੁਨੀਆ ਦੀ ਲਗਪਗ ਅੱਧੀ ਆਬਾਦੀ ਕਿਸੇ ਨਾ ਕਿਸੇ ਤਰ੍ਹਾਂ ਦੇ ਸਿਰਦਰਦ ਤੋਂ ਪੀੜਤ ਹੈ।

## ਸਿਰਦਰਦ ਦੀਆਂ ਕਿਸਮਾਂ

ਸਿਰਦਰਦ ਸਬੰਧੀ ਵਿਕਾਰਾਂ ਦੇ ਮੂਲ ਵਰਗੀਕਰਨ ਦਾ ਮਸੌਦਾ ਇੰਟਰਨੈਸ਼ਨਲ ਹੈੱਡਏਕ ਸੁਸਾਇਟੀ (ਆਈਐੱਚਐੱਸ) ਵੱਲੋਂ ਤਿਆਰ ਕੀਤਾ ਗਿਆ ਹੈ। ਸਿਰਦਰਦ ਰੋਗਾਂ ਦਾ ਹਾਲੀਆ ਅੰਤਰਰਾਸ਼ਟਰੀ ਵਰਗੀਕਰਨ ਇਸ ਤਰ੍ਹਾਂ ਹੈ, '3-ਬੀਟਾ' ਨੇ 3 ਵਿਆਪਕ ਗਰੁੱਪਾਂ ਵਿਚ ਸਿਰਦਰਦ ਦੇ ਵਿਕਾਰਾਂ ਨੂੰ ਵੰਡਿਆ ਹੈ - ਸ਼ੁਰੂਆਤੀ ਸਿਰਦਰਦ, ਸੈਕੰਡਰੀ ਸਿਰਦਰਦ, ਦਰਦਨਾਕ ਕ੍ਰੇਨੀਅਲ ਨਿਊਰੋਪੈਥੀ, ਚਿਹਰੇ ਦਾ ਦਰਦ ਅਤੇ ਹੋਰ ਸਿਰਦਰਦ।

## ਇਲਾਜ ਦੀ ਜ਼ਰੂਰਤ

- ਜਦੋਂ ਸਭ ਤੋਂ ਤੇਜ਼ ਸਿਰਦਰਦ ਹੋਵੇ।
- ਕੁਝ ਵੀ ਨਜ਼ਰ ਨਾ ਆਉਣ ਦੇ ਨਾਲ-ਨਾਲ ਸਿਰਦਰਦ ਰਹੇ, ਸਿਰਦਰਦ ਦੇ ਨਾਲ-ਨਾਲ ਉਲਟੀਆਂ ਆਉਣਾ, ਵੇਖਦੇ ਸਮੇਂ ਝਾਉਲਾ ਨਜ਼ਰ ਆਉਣਾ, ਅੰਗਾਂ ਦੀ ਕਮਜ਼ੋਰੀ ਮਹਿਸੂਸ ਹੋਣਾ ਜਾਂ ਹੋਸ਼ ਵਿਚ ਨਾ ਰਹਿਣ, ਬੁਖ਼ਾਰ ਅਤੇ ਗਰਦਨ 'ਚ ਦਰਦ ਦੇ ਨਾਲ ਤੇਜ਼ ਸਿਰਦਰਦ।
- 72 ਘੰਟੇ ਤੋਂ ਜ਼ਿਆਦਾ ਸਮੇਂ ਤਕ ਰਹਿਣ ਵਾਲਾ ਸਿਰਦਰਦ ਹੋਵੇ ਤਾਂ ਅਜਿਹੀ ਹਲਾਤ 'ਚ ਤੁਰੰਤ ਡਾਕਟਰ ਦੀ ਮਦਦ ਲਵੋ। ਅਜਿਹੇ ਲੱਛਣਾਂ ਵਾਲਾ ਸਿਰਦਰਦ ਜਾਂ ਮਾਈਗ੍ਰੇਨ ਤੁਹਾਡੇ ਲਈ ਅਸਧਾਰਨ ਜਾਂ ਖ਼ਤਰਨਾਕ ਹੈ।

## ਕਾਰਨਾਂ ਬਾਰੇ ਜਾਨਣਾ ਜ਼ਰੂਰੀ

ਸਿਰਦਰਦ ਦੇ ਅਸਲੀ ਕਾਰਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸਹੀ ਹੱਲ ਤੋਂ ਬਿਨਾਂ ਸਿਰਦਰਦ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਜਾਵੇ। ਸਹੀ ਇਲਾਜ ਲਈ ਸਕੈਨਿੰਗ ਅਤੇ ਪ੍ਰਯੋਗਸ਼ਾਲਾ ਜਾਂਚ ਆਦਿ ਨਵੀਆਂ ਤਕਨੀਕਾਂ ਜ਼ਰੀਏ ਸਿਰਦਰਦ ਦੇ ਕਾਰਨ ਲੱਭਣੇ ਜ਼ਰੂਰੀ ਹਨ।

## ਸਿਰਦਰਦ ਪ੍ਰਬੰਧਨ ਤਕਨੀਕ

ਸਿਰਦਰਦ ਦੇ ਮਰੀਜ਼ਾਂ ਦੇ ਪ੍ਰਬੰਧਨ 'ਚ ਸਿਰਦਰਦ ਤੇ ਮਰੀਜ਼ ਦੀ ਸਹੀ ਪਰਖ ਜ਼ਰੂਰੀ ਹੈ। ਕੁਝ ਤਰ੍ਹਾਂ ਦੇ ਸਿਰਦਰਦ ਨੂੰ ਘੱਟ ਕਰਨ ਲਈ ਜੀਵਨਸ਼ੈਲੀ 'ਚ ਤਬਦੀਲੀ ਤੇ ਤਣਾਅ ਨੂੰ ਘੱਟ ਕਰਨ ਦੇ ਯਤਨ ਕੀਤੇ ਜਾਣੇ ਮਹੱਤਵਪੂਰਨ ਹਨ। ਸਿਰਦਰਦ ਦੇ ਕਾਰਨ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਹੀ ਇਸ ਦਾ ਸਹੀ ਇਲਾਜ ਸ਼ੁਰੂ ਕੀਤਾ ਜਾ ਸਕਦਾ ਹੈ। ਸਿਰਦਰਦ ਤੋਂ ਬਚਣ ਲਈ ਦਰਦ ਰੋਕੂ ਦਵਾਈਆਂ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਦਵਾਈਆਂ ਦੇ ਇਲਾਜ ਤੋਂ ਇਲਾਵਾ ਬੋਟੂਲਿਨਮ ਟੌਕਸਿਨ ਇੰਟਰਾ-ਮਸਕੁਲਰ ਇੰਜੈਕਸ਼ਨ ਅਤੇ ਗ੍ਰੇਟ ਔਸੀਪਿਟਲ ਨਰਵ ਬਲਾਕ ਵੀ ਸਿਰਦਰਦ ਦੇ ਪੁਰਾਣੇ ਮਰੀਜ਼ਾਂ ਲਈ ਇਕ ਚੰਗਾ ਬਦਲ ਹੈ, ਜੋ ਓਪੀਡੀ ਦੇ ਆਧਾਰ 'ਤੇ ਦਿੱਤਾ ਜਾ ਸਕਦਾ ਹੈ। ਸ਼ੁਰੂ 'ਚ ਇਹ ਦਰਦ ਅਚਾਨਕ ਹੁੰਦਾ ਹੈ ਤੇ ਉਨ੍ਹਾਂ ਲੋਕਾਂ 'ਚ ਜ਼ਾਹਿਰ ਹੁੰਦਾ ਹੈ, ਜੋ ਇਸ ਤੋਂ ਪੀੜਤ ਨਹੀਂ ਹਨ ਪਰ ਜਦੋਂ ਇਹ ਪੂਰੀ ਤਰ੍ਹਾਂ ਵਿਕਸਿਤ ਹੋ ਜਾਂਦਾ ਹੈ ਤਾਂ ਪੀੜਤ ਵਿਅਕਤੀ 'ਤੇ ਇਸ ਦਾ ਕਹਿਰ ਟੁੱਟਦਾ ਹੈ। ਸਿਰਦਰਦ ਦੇ ਇਲਾਜ ਲਈ ਜੀਵਨਸ਼ੈਲੀ 'ਚ ਤਬਦੀਲੀ ਨਾਲ ਮਾਹਿਰਾਂ ਨਾਲ ਸਲਾਹ ਤੇ ਇਲਾਜ ਬੇਹੱਦ ਮਹੱਤਵਪੂਰਨ ਹੈ।

—ਡਾ: ਅਮਿਤ ਸ਼ੰਕਰ ਸਿੰਘ







# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

**ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।**
**ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।**



**604-594-0616**

# ਪੰਜਾਬ ਦੇ ਬਹੁਪੱਖੀ ਵਿਕਾਸ ਬਾਰੇ ਸੋਚਣ ਰਾਜਨੀਤਕ ਪਾਰਟੀਆਂ

ਡਾ: ਰਣਜੀਤ ਸਿੰਘ
94170-87328

ਪੰਜਾਬ ਸੰਸਾਰ ਦੇ ਉਨ੍ਹਾਂ ਕੁਝ ਕੁ ਖ਼ੁਸ਼ਕਿਸਮਤ ਖਿੱਤਿਆਂ ਵਿਚੋਂ ਹੈ ਜਿਥੇ ਸਾਰੇ ਛੇ ਦੇ ਛੇ ਮੌਸਮ ਆਉਂਦੇ ਹਨ। ਸਾਰੀ ਧਰਤੀ ਵਾਹੀਯੋਗ ਤੇ ਸੇਂਜੂ ਹੈ। ਇਥੋਂ ਦੇ ਲੋਕ ਮਿਹਨਤੀ, ਖ਼ਤਰੇ ਸਹੇੜਨ ਵਾਲੇ ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਹਨ। ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਵਧ ਕੁਰਬਾਨੀਆਂ ਇਥੋਂ ਦੇ ਲੋਕਾਂ ਨੇ ਹੀ ਦਿੱਤੀਆਂ ਹਨ। ਆਜ਼ਾਦੀ ਸਮੇਂ ਵੀ ਸਭ ਤੋਂ ਵੱਧ ਕੁਰਬਾਨੀ ਪੰਜਾਬ ਨੂੰ ਹੀ ਦੇਣੀ ਪਈ। ਇਸ ਦੇ ਦੋ ਟੁਕੜੇ ਕਰ ਦਿੱਤੇ ਗਏ। ਰਾਜਸੀ ਚਾਲਬਾਜ਼ ਲੋਕਾਂ ਨੇ ਪਾਕਿਸਤਾਨ ਵਿਚ ਕਿਸੇ ਹਿੰਦੂ ਸਿੱਖ ਦਾ ਰਹਿਣਾ ਮੁਸ਼ਕਿਲ ਕਰ ਦਿੱਤਾ ਤੇ ਇਸ ਪਾਸੇ ਮੁਸਲਮਾਨਾਂ ਦਾ ਰਹਿਣਾ ਔਖਾ ਹੋ ਗਿਆ। ਵਸੋਂ ਦੀ ਅਦਲਾ ਬਦਲੀ ਵਿਚ ਲੱਖਾਂ ਲੋਕ ਮਾਰੇ ਗਏ, ਔਰਤਾਂ ਦੀਆਂ ਪੱਤਾਂ ਲੁੱਟੀਆਂ ਗਈਆਂ। ਜਿਨ੍ਹਾਂ ਗੱਡਿਆਂ 'ਤੇ ਪਾਕਿਸਤਾਨ ਵਿਚ ਬਾਰਾਂ ਵਸਾਉਣ ਪੰਜਾਬੀ ਗਏ ਸਨ, ਉਨ੍ਹਾਂ ਗੱਡਿਆਂ ਉਤੇ ਹੀ ਮੁੜ ਖਾਲੀ ਹੱਥ ਵਾਪਸ ਆਉਣਾ ਪਿਆ। ਪਰ ਧੰਨ ਹਨ ਇਥੋਂ ਦੇ ਲੋਕ ਜਿਨ੍ਹਾਂ ਪੈਰ ਲਗਦਿਆਂ ਹੀ ਮੁੜ ਮਿਹਨਤ ਸ਼ੁਰੂ ਕੀਤੀ ਤੇ ਪੰਜਾਬ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾ ਦਿੱਤਾ। ਪੰਜਾਬੀਆਂ ਨੇ ਜਿਥੇ ਹਰੇ ਇਨਕਲਾਬ ਦੀ ਸਿਰਜਣਾ ਕਰਕੇ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ, ਉਥੇ ਸਰਹੱਦਾਂ ਦੀ ਰਾਖੀ ਕਰਕੇ ਵੈਰੀਆਂ ਦਾ ਮੁਕਾਬਲਾ ਕੀਤਾ। ਇਨ੍ਹਾਂ ਵਿਚ ਦੇਸ਼ ਪਿਆਰ ਤੇ ਸੇਵਾ ਦਾ ਜਜ਼ਬਾ ਕੁਟ-ਕੁਟ ਕੇ ਭਰਿਆ ਹੋਇਆ ਹੈ। ਕਿਸਾਨਾਂ ਨੇ ਆਪਣੀ ਮਿਹਨਤ ਨਾਲ ਜਿਥੇ ਦੇਸ਼ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ, ਉਥੇ ਆਪ ਵੀ ਸੌਖੇ ਦਿਨ ਵੇਖਣੇ ਸ਼ੁਰੂ ਕੀਤੇ। ਪੰਜਾਬ ਦੇ ਪਿੰਡਾਂ ਦੀ ਜਿਸ ਤੇਜ਼ੀ ਨਾਲ ਕਾਇਆਕਲਪ ਹੋਈ ਅਜਿਹਾ ਸੰਸਾਰ ਦੇ ਹੋਰ ਕਿਸੇ ਵੀ ਖਿੱਤੇ ਵਿਚ ਨਹੀਂ ਹੋਇਆ। ਪਿੰਡ ਵਾਸੀਆਂ ਵਿਚ ਇਕ ਉਤਸ਼ਾਹ ਸੀ ਪਿੰਡ ਦੇ ਸਾਂਝੇ ਕੰਮਾਂ ਨੂੰ ਉਹ ਤਿਉਹਾਰ ਵਾਂਗ ਕਰਦੇ ਸਨ। ਖੇਤੀ ਦੇ ਵਿਕਾਸ ਨਾਲ ਸਨਅਤੀ ਵਿਕਾਸ ਵੀ ਹੋਇਆ। ਇਕ ਦਹਾਕੇ ਵਿਚ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਗੁਰਦਾਸਪੁਰ ਤੋਂ ਲੈ ਕੇ ਫ਼ਰੀਦਾਬਾਦ ਤੱਕ ਸੜਕਾਂ ਕੰਢੇ ਕਾਰਖਾਨੇ ਨਜ਼ਰ ਆਉਣ ਲੱਗੇ।

ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ ਪੰਜਾਬ ਨੂੰ। ਸਰਦਾਰ ਕੈਰੋਂ ਪਿੱਛੋਂ ?ਨਾ ਪੜ੍ਹਿਆ ਲਿਖਿਆ ਤੇ ਪੰਜਾਬ ਬਾਰੇ ਉਸਾਰੂ ਸੋਚ ਰੱਖਣ ਵਾਲਾ ਕੋਈ ਹੋਰ ਨੇਤਾ ਪੰਜਾਬ ਨੂੰ ਨਾ ਮਿਲਿਆ। ਵਿਰੋਧੀਆਂ ਨੇ ਤਾਂ ਵਿਰੋਧ ਕਰਨਾ ਹੀ ਸੀ ਆਪਣੇ ਵੀ ਵਿਰੋਧੀ ਹੋ ਗਏ ਤੇ ਉਨ੍ਹਾਂ ਨੂੰ ਇਸ ਦੁਨੀਆ ਤੋਂ ਹੀ ਰੁਖ਼ਸਤ ਕਰ ਦਿੱਤਾ। ਕੇਂਦਰ ਸਰਕਾਰ ਤੋਂ ਵੀ ਪੰਜਾਬ ਦਾ ਅੱਗੇ ਵਧਣਾ ਬਰਦਾਸ਼ਤ ਨਾ ਹੋਇਆ ਤੇ ਇਸ ਨੂੰ ਕੇਵਲ ਅਨਾਜ ਪੈਦਾ ਕਰਨ ਵਾਲੀ ਮਸ਼ੀਨ ਬਣਾ ਦਿੱਤਾ। ਆਪਣੇ ਹੱਕਾਂ ਦੀ ਰਾਖੀ ਲਈ ਚਲੀਆਂ ਲਹਿਰਾਂ, ਦੂਜੇ ਸੂਬਿਆਂ ਵਿਚ ਸਨਅਤ ਨੂੰ ਵਧੇਰੇ ਸਹੂਲਤਾਂ ਮਿਲਣ ਤੇ ਵਧ ਰਹੀ ਰਿਸ਼ਵਤਖੋਰੀ ਨੇ ਸਨਅਤ ਨੂੰ ਇਥੋਂ ਬਾਹਰ ਧੱਕਣਾ ਸ਼ੁਰੂ ਕਰ ਦਿੱਤਾ।

ਇੰਝ ਪੰਜਾਬ ਦਾ ਖੇਤੀ ਤੇ ਸਨਅਤੀ ਵਿਕਾਸ ਰੁਕ ਗਿਆ। ਪੰਜਾਬ ਦੀ ਸਾਰੀ ਧਰਤੀ ਸੇਂਜੂ ਹੋਣ ਨਾਲ ਖੇਤਾਂ ਵਿਚ ਕੰਮ ਵਧ ਗਿਆ, ਜਿਸ ਲਈ ਗਵਾਂਢੀ ਸੂਬਿਆਂ ਤੋਂ ਕਾਮੇ ਆਉਣ ਲੱਗ ਪਏ। ਹੁਣ ਹਾਲਤ ਇਹ ਹੋ ਗਈ ਹੈ ਕਿ ਸਾਰਾ ਕੰਮਕਾਜ ਉਨ੍ਹਾਂ ਨੇ ਹੀ ਸੰਭਾਲ ਲਿਆ ਹੈ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕੋਈ 25 ਲੱਖ ਦੂਜੇ ਸੂਬਿਆਂ ਤੋਂ ਆਏ ਕਾਮੇ ਹਨ। ਪਹਿਲਾਂ ਇਹ ਫ਼ਸਲ ਦੀ ਲੁਆਈ ਅਤੇ ਵਾਢੀ ਸਮੇਂ ਆਉਂਦੇ ਸਨ ਪਰ ਹੌਲੀ-ਹੌਲੀ ਕਿਸਾਨ ਇਨ੍ਹਾਂ ਉੱਤੇ ਹੀ ਨਿਰਭਰ ਹੋਣ ਲੱਗ ਪਏ ਹਨ। ਕਈ ਕਿਸਾਨਾਂ ਦੇ ਤਾਂ ਟਰੈਕਟਰ ਵੀ ਇਹੋ ਹੀ ਚਲਾਉਂਦੇ ਹਨ। ਪੰਜਾਬ ਦੀ ਕੋਈ ਦੁਕਾਨ ਜਾਂ ਫੈਕਟਰੀ ਅਜਿਹੀ ਨਹੀਂ ਹੈ ਜਿਥੇ ਇਹ ਕੰਮ ਨਹੀਂ ਕਰਦੇ। ਇਨ੍ਹਾਂ ਦੀਆਂ ਔਰਤਾਂ ਨੇ ਹੌਲੀ-ਹੌਲੀ ਘਰਾਂ ਦਾ ਕੰਮ ਸਾਂਭ ਲਿਆ। ਪਹਿਲਾਂ ਸਫ਼ਾਈ ਫਿਰ ਕੱਪੜੇ ਧੋਣ ਅਤੇ ਭਾਂਡੇ ਮਾਂਜਣ ਤੇ ਹੁਣ ਤਾਂ ਬਹੁਤੇ ਘਰੀਂ ਰੋਟੀ ਵੀ ਇਹੋ ਹੀ ਬਣਾਉਂਦੇ ਹਨ। ਪੰਜਾਬੀਆਂ ਦੀਆਂ ਵਿਦੇਸ਼ਾਂ ਵੱਲ ਉਡਾਰੀਆਂ ਮਾਰਨ ਕਰਕੇ ਉਨ੍ਹਾਂ ਵਲੋਂ ਉਸਾਰੇ ਮਹਿਲਾਂ ਵਰਗੇ ਘਰਾਂ ਦੀ ਦੇਖ-ਰੇਖ ਵੀ ਇਨ੍ਹਾਂ ਦੇ ਜ਼ਿੰਮੇ ਹੀ ਆ ਗਈ ਹੈ। ਪੰਜਾਬ ਦੀ ਕਿਸੇ ਵੀ ਸਰਕਾਰ ਨੇ ਪੰਜਾਬੀ ਨੌਜਵਾਨਾਂ ਨੂੰ ਕਿੱਤਾਮੁਖੀ ਸਿਖਲਾਈ ਦੇਣ ਵੱਲ ਧਿਆਨ ਨਹੀਂ ਦਿੱਤਾ। ਇਕ ਸਰਕਾਰ ਨੇ ਰਾਜ ਵਿਚ ਕਈ ਆਈ ਟੀ ਆਈ। ਇਮਾਰਤਾਂ ਬਣਾਈਆਂ। ਪਿਛਲੇ ਵੀਹ ਸਾਲਾਂ ਤੋਂ ਇਹ ਖਾਲੀ ਪਈਆਂ ਹਨ। ਇਨ੍ਹਾਂ ਨੂੰ ਚਲਾਉਣ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਸਰਕਾਰੀ ਆਮਦਨ ਵਿਚ ਵਾਧੇ ਦੇ ਯਤਨ ਕਰਨ ਦੀ ਥਾਂ ਕਰਜ਼ਾ ਲੈ ਕੇ ਵਿਕਾਸ ਕਾਰਜ ਹੁੰਦੇ ਰਹੇ ਹਨ। ਇਸ ਸਮੇਂ ਪੰਜਾਬ ਦੇਸ਼ ਦਾ ਸਭ ਤੋਂ ਵੱਧ ਕਰਜ਼ਾਈ ਸੂਬਾ ਬਣ ਗਿਆ ਹੈ। ਇਥੋਂ ਦੀ ਖੇਤੀ ਤੇ ਸਨਅਤੀ ਵਿਕਾਸ ਵਿਚ ਖੜੋਤ ਕਾਰਨ ਪਹਿਲੇ ਨੰਬਰ ਦਾ ਸੂਬਾ ਬਹੁਤ ਪਿੱਛੇ ਰਹਿ ਗਿਆ ਹੈ। ਪੰਜਾਬ ਵਿਚ ਤਕਨੀਕੀ ਕਾਮਿਆਂ ਦੀ ਬਹੁਤ ਲੋੜ ਹੈ। ਇਸ ਲੋੜ ਦੀ ਪੂਰਤੀ ਦੂਜੇ ਸੂਬਿਆਂ ਤੋਂ ਆਏ ਕਾਮੇ ਕਰਦੇ ਹਨ। ਬਹੁਤੇ ਰਾਜ, ਲੁਹਾਰ, ਤਰਖਾਣ, ਪਲੰਬਰ, ਹਜ਼ਾਮ, ਦਰਜੀ ਆਦਿ ਦੂਜੇ ਸੂਬਿਆਂ ਦੇ ਹਨ।

ਅਸੀਂ ਨਾ ਤਾਂ ਤਕਨੀਕੀ ਕਾਮੇ ਹੀ ਤਿਆਰ ਕਰ ਸਕੇ ਹਾਂ ਤੇ ਨਾ ਹੀ ਵੱਡੇ ਅਹੁਦਿਆਂ ਲਈ ਅਫ਼ਸਰ। ਬਿਹਾਰ ਨੂੰ ਪਛੜਿਆ ਸੂਬਾ ਸਮਝਿਆ ਜਾਂਦਾ ਹੈ ਪਰ ਉਥੋਂ ਦੇ ਹੀ ਸਭ ਤੋਂ ਵੱਧ ਆਈ ਏ ਐਸ। ਅਫ਼ਸਰ ਤੇ ਤਕਨੀਕੀ ਕਾਮੇ ਹਨ। ਸਾਰੀਆਂ ਰਾਜਸੀ ਪਾਰਟੀਆਂ ਨੇ ਪੰਜਾਬ ਅਤੇ ਪੰਜਾਬੀਆਂ ਦੇ ਵਿਕਾਸ ਬਾਰੇ ਸੋਚਣ ਦੀ ਥਾਂ ਆਪਣੀ ਕੁਰਸੀ ਬਾਰੇ ਹੀ ਸੋਚਿਆ ਹੈ। ਵੋਟ ਪ੍ਰਾਪਤੀ ਲਈ ਮੁਫ਼ਤ ਦੀਆਂ ਰੇਉੜੀਆਂ ਵੰਡਣ ਦਾ ਯਤਨ ਕੀਤਾ ਹੈ। ਜੇਕਰ ਕਿਸੇ ਸਰਕਾਰ ਨੇ ਸੋਚਿਆ ਵੀ ਤਾਂ ਉਸ ਉਤੇ ਇਮਾਨਦਾਰੀ ਨਾਲ ਅਮਲ ਨਹੀਂ ਕੀਤਾ। ਕਦੇ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਪੰਜਾਬ ਵਿਚ ਫ਼ੋਕਲ ਪੋਇੰਟ ਬਣਾਉਣ ਦੀ ਸਕੀਮ ਚਾਲੂ ਕੀਤੀ ਸੀ। ਇਨ੍ਹਾਂ ਕੇਂਦਰਾਂ ਨੇ ਪਿੰਡਾਂ ਲਈ ਵਿਕਾਸ ਦੇ ਕੇਂਦਰ ਬਣ ਜਾਣਾ ਸੀ। ਇਥੇ ਛੋਟੇ ਤੇ ਖੇਤੀ ਆਧਾਰਿਤ ਕਾਰਖਾਨੇ ਲਗਣੇ ਸਨ। ਮੰਡੀ ਤੇ ਦੁਕਾਨਾਂ ਬਣਨੀਆਂ ਸਨ। ਇੰਜ ਪਿੰਡ ਵਾਸੀਆਂ ਨੂੰ ਰੁਜ਼ਗਾਰ ਮਿਲ ਜਾਣਾ ਸੀ। ਆਪਣੇ ਪਿੰਡ ਰਹਿੰਦਿਆਂ ਉਹ ਆਪਣੀ ਆਮਦਨ ਵਿਚ ਵਾਧਾ ਕਰ ਸਕਦੇ ਸਨ ਪਰ ਬਾਦਲ ਸਾਹਿਬ ਜਦੋਂ ਦੂਜੀ ਵਾਰ ਮੁੱਖ ਮੰਤਰੀ ਬਣੇ ਇਸ ਸਕੀਮ ਨੂੰ ਭੁੱਲ ਹੀ ਗਏ। ਪਿੰਡਾਂ ਵਿਚ ਵਧੀਆ ਵਿੱਦਿਆ ਦੇਣ ਲਈ ਆਦਰਸ਼ ਸਕੂਲ ਖੋਲ੍ਹੇ ਗਏ। ਕੁਝ ਸਮੇਂ ਪਿੱਛੋਂ ਹੋਰ ਬਾਕੀ ਸਕੂਲਾਂ ਨੂੰ ਵੀ ਆਦਰਸ਼ ਬਣਾਉਣ ਦੀ ਥਾਂ ਇਨ੍ਹਾਂ ਸਕੂਲਾਂ ਵਲੋਂ ਵੀ ਮੁੱਖ ਮੋੜ ਲਿਆ ਗਿਆ। ਪੰਜਾਬ ਦੀ ਸਾਰੀ ਧਰਤੀ ਸੇਂਜੂ ਹੈ ਤੇ ਇਥੇ ਸਾਰੇ ਛੇ ਮੌਸਮ ਆਉਂਦੇ ਹਨ। ਇਸ ਕਰਕੇ ਪਸ਼ੂ ਪਾਲਣ ਅਤੇ ਬਾਗਬਾਨੀ ਲਈ ਇਹ ਸਭ ਤੋਂ ਵਧੀਆ ਹੈ। ਸ: ਕੈਰੋਂ ਨੇ ਇਸ ਪਾਸੇ ਯਤਨ ਆਰੰਭੇ ਸਨ। ਉਨ੍ਹਾਂ ਵਲੋਂ ਲਗਾਏ ਗਏ ਇਕ ਅਫ਼ਸਰ ਨੇ ਡੇਅਰੀ ਵਿਕਾਸ ਲਈ ਵਧੀਆ ਕੰਮ ਕੀਤਾ ਤੇ ਵੇਰਕਾ ਦੀ ਸਥਾਪਨਾ ਕੀਤੀ। ਕਿੰਨੋ ਅਤੇ ਅੰਗੂਰਾਂ ਦੇ ਬਾਗ ਵੀ ਉਦੋਂ ਹੀ ਲਗਾਏ ਗਏ। ਦੁਆਬੇ ਵਿਚ ਸਬਜ਼ੀਆਂ ਦੀ ਕਾਸ਼ਤ ਦਾ ਰੁਝਾਨ ਵਧਿਆ ਪਰ ਇਸ ਨੂੰ ਕਣਕ-ਝੋਨੇ ਦੇ ਬਦਲ ਵਜੋਂ ਉਤਸ਼ਾਹਿਤ ਕਰਨ ਦੀ ਥਾਂ ਸਗੋਂ ਕਣਕ-ਝੋਨੇ ਨੂੰ ਹੀ ਉਤਸ਼ਾਹਿਤ ਕੀਤਾ ਗਿਆ। ਕੇਂਦਰ ਸਰਕਾਰ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਪੰਜਾਬ ਅਨਾਜ ਪੈਦਾ ਕਰਨ ਵਲੋਂ ਮੁੱਖ ਮੋੜੇ। ਹੁਣ ਵੀ ਹਰ ਸਾਲ ਪੰਜਾਬ ਕਿਤਨਾ ਅਨਾਜ ਪੈਦਾ ਕਰੇ ਇਸ ਦੇ ਨਿਰਦੇਸ਼ ਕੇਂਦਰ ਸਰਕਾਰ ਵਲੋਂ ਦਿੱਤੇ ਜਾਂਦੇ ਹਨ। ਖੇਤੀ ਭਾਵੇਂ ਕਿ ਰਾਜ ਸਰਕਾਰਾਂ ਦੇ ਖੇਤਰ ਵਿਚ ਆਉਂਦੀ ਹੈ ਪਰ ਸਾਰੀਆਂ ਸਕੀਮਾਂ ਕੇਂਦਰ ਸਰਕਾਰ ਹੀ ਤਿਆਰ ਕਰਦੀ ਹੈ ਤੇ ਉਥੋਂ ਹੀ ਆਰਥਿਕ ਸਹਾਇਤਾ ਆਉਂਦੀ ਹੈ। ਪੰਜਾਬ, ਉੱਤਰ ਪ੍ਰਦੇਸ਼, ਬਿਹਾਰ ਲਈ ਇਕੋ ਹੀ ਸਕੀਮ ਬਣਾਈ ਜਾਂਦੀ ਹੈ। ਜਿਸ ਦਾ ਲਾਭ ਪੰਜਾਬ ਦੀ ਕਿਸਾਨੀ ਨੂੰ ਕੋਈ ਖ਼ਾਸ ਨਹੀਂ ਹੁੰਦਾ। ਪੰਜਾਬ ਵਿਚ ਸੰਸਾਰ ਦੀਆਂ ਸਭ ਤੋਂ ਵਧੀਆ ਮੱਝਾਂ ਹਨ। ਇਨ੍ਹਾਂ ਨੂੰ ਪਾਲਣ ਲਈ ਉਤਸ਼ਾਹਿਤ ਕੀਤਾ ਜਾਵੇ। ਅਜਿਹਾ ਕੀਤਿਆਂ ਅਵਾਰਾ ਡੰਗਰਾਂ ਦੀ ਸਮੱਸਿਆ ਵੀ ਨਹੀਂ ਹੋਵੇਗੀ। ਸੂਬੇ ਵਿਚ ਬਾਗਬਾਨੀ ਵਿਭਾਗ ਵੱਖਰਾ ਤਾਂ ਬਣਾ ਦਿੱਤਾ ਗਿਆ ਹੈ ਪਰ ਇਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਅਜਿਹਾ ਹੀ ਪਸ਼ੂ ਪਾਲਣ ਸੰਬੰਧੀ ਵੀ ਹੋਣਾ ਚਾਹੀਦਾ ਹੈ। ਇਕੋ ਕਾਰਜ ਲਈ ਕਈ ਵਿਭਾਗ ਹਨ। ਉਨ੍ਹਾਂ ਨੂੰ ਇਕੱਠਿਆਂ ਕਰਕੇ ਇਕ ਮਜ਼ਬੂਤ ਵਿਭਾਗ ਬਣਾਇਆ ਜਾਵੇ ਤੇ ਕਰਮਚਾਰੀਆਂ ਉਤੇ ਨਤੀਜੇ ਆਧਾਰਿਤ ਕਾਰਜ ਪ੍ਰਣਾਲੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਹੁਣ ਸਨਅਤੀ ਵਿਕਾਸ ਵੱਲ ਆਉਂਦੇ ਹਾਂ। ਜਿਵੇਂ ਪਹਿਲਾਂ ਲਿਖਿਆ ਹੈ ਪੰਜਾਬ ਵਿਚੋਂ ਸਨਅਤਾਂ ਦੇ ਬਾਹਰ ਜਾਣ ਦੇ ਦੋ ਮੁੱਖ ਕਾਰਨ, ਪੰਜਾਬ ਵਿਚ ਹੱਕਾਂ ਲਈ ਚਲੇ ਸੰਘਰਸ਼ ਅਤੇ ਰਿਸ਼ਵਤਖੋਰੀ ਹੈ। ਪੰਜਾਬੀ ਚੰਗਾ ਜੀਵਨ ਜਿਊਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਲਈ ਉਹ ਰਜ ਕੇ ਮਿਹਨਤ ਵੀ ਕਰਦੇ ਹਨ। ਪਰ ਰਾਜਨੀਤੀ ਵਿਚ ਕੁਝ ਅਜਿਹੇ ਲੋਕ ਆ ਗਏ ਜਿਨ੍ਹਾਂ ਦਾ ਮੰਤਵ ਲੋਕ ਸੇਵਾ ਨਹੀਂ ਸਗੋਂ ਪੈਸਾ ਕਮਾਉਣਾ ਹੈ। ਕਈ ਸਨਅਤਕਾਰ ਤੇ ਵਪਾਰੀ ਵੀ ਰਾਜਨੀਤੀ ਵਿਚ ਆਣ ਵੜੇ ਹਨ। ਉਨ੍ਹਾਂ ਦੇ ਕਰਿੰਦੇ ਜੇਕਰ ਕਾਰੋਬਾਰ ਵਿਚ ਕੁਝ ਗਲਤ ਵੀ ਕਰਦੇ ਹਨ ਤਾਂ ਕਿਸੇ ਸਰਕਾਰੀ ਅਧਿਕਾਰੀ ਦੀ ਜੁਰਅਤ ਨਹੀਂ ਪੈਂਦੀ ਕਿ ਚਲਾਣ ਕਰ ਸਕੇ। ਨਵੀਆਂ ਨਿਯੁਕਤੀਆਂ ਅਤੇ ਬਦਲੀਆਂ ਦੇ ਵੀ ਪੈਸੇ ਲਏ ਜਾਣ ਲੱਗ ਪਏ ਹਨ। ਪੰਜਾਬ ਜਿਹੜਾ ਗੁਰੂਆਂ ਦੀ ਧਰਤੀ ਹੈ ਉਥੇ ਹੀ ਸਭ ਤੋਂ ਵੱਧ ਭ੍ਰਿਸ਼ਟਾਚਾਰ ਫੈਲ ਗਿਆ ਹੈ। ਹੁਣ ਪੰਜਾਬ ਵਿਚਲੀ ਬਹੁਤੀ ਸਨਅਤ ਲੁਧਿਆਣੇ ਵਿਚ ਹੀ ਇਕੱਠੀ ਹੋ ਗਈ ਹੈ। ਇਸ ਨੇ ਸੌ ਤੋਂ ਵੱਧ ਪਿੰਡਾਂ ਨੂੰ ਖਾ ਲਿਆ ਹੈ। ਪਿੰਡ ਵਾਸੀ ਜ਼ਮੀਨਾਂ ਵੇਚ ਹੋਰ ਥਾਵੀਂ ਚਲੇ ਗਏ ਹਨ ਤੇ ਉਨ੍ਹਾਂ ਦੇ ਘਰਾਂ ਵਿਚ ਦੂਜੇ ਸੂਬਿਆਂ ਤੋਂ ਆਏ ਕਾਮੇ ਰਹਿੰਦੇ ਹਨ। ਇਹ ਹੀ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਸਰਕਾਰ ਨੂੰ ਚਾਹੀਦਾ ਸੀ ਕਿ ਹਰੇਕ ਜ਼ਿਲ੍ਹੇ ਵਿਚ ਸਨਅਤੀ ਕਲਸਟਰ ਬਣਾਇਆ ਜਾਂਦਾ, ਜਿਥੇ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲਦਾ। ਜੇਕਰ ਸਰਕਾਰ ਪਿੰਡ ਵਾਸੀਆਂ ਦੀ ਆਮਦਨ ਵਿਚ ਵਾਧਾ ਕਰਨਾ ਚਾਹੁੰਦੀ ਹੈ ਤਾਂ ਉੱਪਰ ਦੱਸੇ ਗਏ ਸੁਝਾਵਾਂ ਉਤੇ ਵਿਚਾਰ ਜ਼ਰੂਰ ਕੀਤਾ ਜਾਵੇ। ਸੂਬੇ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਕੇ ਕਾਰਖਾਨਿਆਂ ਨੂੰ ਸਾਰੇ ਜ਼ਿਲ੍ਹਿਆਂ ਵਿਚ ਲਗਾਉਣ ਦੇ ਯਤਨ ਕੀਤੇ ਜਾਣ। ਇਨ੍ਹਾਂ ਵਿਚ ਸਥਾਨਿਕ ਲੋਕਾਂ ਨੂੰ ਪਹਿਲ ਦੇ ਆਧਾਰ ਉਤੇ ਕੰਮ ਦਿੱਤਾ ਜਾਵੇ। ਖੇਤੀ ਵਿਚ ਪਸ਼ੂ ਪਾਲਣ ਤੇ ਬਾਗਬਾਨੀ ਨੂੰ ਉਤਸ਼ਾਹਿਤ ਕੀਤਾ ਜਾਵੇ। ਫ਼ੋਕਲ ਪੁਆਇੰਟ ਸਕੀਮ ਮੁੜ ਪੂਰੀ ਸੰਜੀਦਗੀ ਨਾਲ ਸ਼ੁਰੂ ਕੀਤੀ ਜਾਵੇ। ਹਰੇਕ ਜ਼ਿਲ੍ਹੇ ਵਿਚ ਸਨਅਤੀ ਸਿਖਲਾਈ ਸਕੂਲ ਖੋਲ੍ਹੇ ਜਾਣ। ਇਨ੍ਹਾਂ ਵਿਚ ਅਮਲੀ ਸਿਖਲਾਈ ਵੱਲ ਵਧੇਰੇ ਧਿਆਨ ਦਿੱਤਾ ਜਾਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਨਹੀਂ ਰਹੇਗਾ। ਰਾਜਸੀ ਪਾਰਟੀਆਂ ਅੱਗੇ ਬੇਨਤੀ ਹੈ ਕਿ ਜੇਕਰ ਉਨ੍ਹਾਂ ਲੋਕ ਸੇਵਾ ਦੀ ਜ਼ਿੰਮੇਵਾਰੀ ਲਈ ਹੈ ਤਾਂ ਲੋਕ ਸੇਵਕ ਬਣੋ। ਰਾਜਨੀਤੀ ਨੂੰ ਵਪਾਰ ਨਾ ਬਣਾਵੋ। ਪੰਜਾਬੀਆਂ ਨੂੰ ਚੋਗੇ ਪਾ ਕੇ ਮੰਗਤੇ ਨਾ ਬਣਾਵੋ ਸਗੋਂ ਪੰਜਾਬ ਦੀ ਖੇਤੀ ਅਤੇ ਸਨਅਤੀ ਵਿਕਾਸ ਲਈ ਇਕ ਸਾਰਥਕ ਯੋਜਨਾ ਬਣਾਵੋ। ਸਕੂਲਾਂ ਅਤੇ ਹਸਪਤਾਲਾਂ ਨੂੰ ਸਮੇਂ ਦੇ ਹਾਣੀ ਬਣਾਵੋ। ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਨਾ ਪਾਵੋ ਸਗੋਂ ਆਪਣੇ ਜੀਵਨ ਨੂੰ ਉਨ੍ਹਾਂ ਲਈ ਆਦਰਸ਼ ਬਣਾਵੋ। ਕਿਸਾਨ ਮੋਰਚੇ ਨੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਦਿੱਤਾ ਹੈ। ਹੁਣ ਆਪਣੇ ਆਪ ਨੂੰ ਢਾਲੋ ਤੇ ਪੰਜਾਬ ਨੂੰ ਮੁੜ ਪਹਿਲੇ ਨੰਬਰ ਦਾ ਸੂਬਾ ਬਣਾਵੋ।




ਇਸ ਸਾਲ ਤੋਂ ਸ਼ੁਰੂਆਤ ਕਰਕੇ, ਤੁਹਾਨੂੰ ਬੀਮਾਰ ਹੁੰਦੇ ਹੋਏ ਕੰਮ 'ਤੇ ਜਾਣ ਅਤੇ ਆਪਣੀ ਤਨਖਾਹ ਗੁਆਉਣ ਵਿਚਕਾਰ ਚੋਣ ਕਰਨ ਦੀ ਲੋੜ ਨਹੀਂ ਹੈ।

1 ਜਨਵਰੀ ਤੋਂ, ਬੀਸੀ ਵਿੱਚ ਯੋਗ ਕਰਮਚਾਰੀ 5 ਪੇਡ ਸਿੱਕ ਦਿਨਾਂ ਦੇ ਹੱਕਦਾਰ ਹਨ।

ਸੋ ਤੁਸੀਂ ਘੱਟ ਚਿੰਤਾ ਕਰ ਸਕਦੇ ਹੋ ਅਤੇ ਬਿਹਤਰ ਮਹਿਸੂਸ ਕਰਨ 'ਤੇ ਧਿਆਨ ਕੇਂਦਰਿਤ ਕਰ ਸਕਦੇ ਹੋ।

**ਕਾਮਿਆਂ ਲਈ ਬਿਹਤਰ।**
**ਕਾਰੋਬਾਰਾਂ ਲਈ ਬਿਹਤਰ।**

BRITISH COLUMBIA | StrongerBC

gov.bc.ca/PaidSickLeave 'ਤੇ ਹੋਰ ਜਾਣੋ

# ਉੱਤਰ ਕੋਰੀਆ ਵੱਲੋਂ ਮਹੀਨੇ ਵਿੱਚ ਤੀਜੀ ਵਾਰ ਮਿਜ਼ਾਈਲ ਦਾ ਪਰੀਖਣ



ਸਿਓਲ-ਦੱਖਣੀ ਕੋਰੀਆ ਅਤੇ ਜਪਾਨ ਦੇ ਅਧਿਕਾਰੀਆਂ ਨੇ ਕਿਹਾ ਕਿ ਉੱਤਰ ਕੋਰੀਆ ਨੇ ਅੱਜ ਇਕ ਬੈਲਿਸਟਿਕ ਮਿਜ਼ਾਈਲ ਦਾ ਪਰੀਖਣ ਕੀਤਾ ਹੈ। ਇਸ ਮਹੀਨੇ ਇਹ ਤੀਜੀ ਵਾਰ ਹੈ ਜਦੋਂ ਉੱਤਰ ਕੋਰੀਆ ਨੇ ਮਿਜ਼ਾਈਲ ਪਰੀਖਣ ਕੀਤਾ ਹੈ। ਅਮਰੀਕਾ ਦੇ ਜੋਅ ਬਾਇਡਨ ਪ੍ਰਸ਼ਾਸਨ ਨੇ ਉੱਤਰ ਕੋਰੀਆ ਦੇ ਮਿਜ਼ਾਈਲ ਪਰੀਖਣਾਂ ਕਰ ਕੇ ਨਵੀਆਂ ਪਾਬੰਦੀਆਂ ਲਗਾਈਆਂ ਹਨ ਜਿਸ ਕਾਰਨ ਉਤਰ ਕੋਰੀਆ ਅਮਰੀਕਾ ਤੋਂ ਖਫ਼ਾ ਹੈ।

# ਦੁਬਈ ਤੋਂ ਭਾਰਤ ਆਉਂਦੇ ਦੋ ਹਵਾਈ ਜਹਾਜ਼ਾਂ ਦੀ ਟੱਕਰ ਮਸਾਂ ਬਚੀ

ਨਵੀਂ ਦਿੱਲੀ-ਭਾਰਤੀ ਹਵਾਬਾਜ਼ੀ ਰੈਗੂਲੇਟਰ (ਡੀਜੀਸੀਏ) ਨੇ ਆਪਣੇ ਯੂਏਈ ਹਮਰੁਤਬਾ ਨੂੰ ਦੁਬਈ ਹਵਾਈ ਅੱਡੇ ਤੇ 9 ਜਨਵਰੀ ਨੂੰ ਭਾਰਤ ਜਾਣ ਵਾਲੇ ਅਮੀਰਾਤ ਦੇ ਦੋ ਯਾਤਰੀ ਹਵਾਈ ਜਹਾਜ਼ਾਂ ਦੀ ਨਜ਼ਦੀਕੀ ਟੱਕਰ ਦੀ ਜਾਂਚ ਦੀ ਰਿਪੋਰਟ ਸਾਂਝੀ ਕਰਨ ਲਈ ਕਿਹਾ ਹੈ। ਇਹ ਦੋਵੇਂ ਜਹਾਜ਼ ਹਵਾਈ ਅੱਡੇ ਤੋਂ ਟੇਕ-ਆਫ ਦੌਰਾਨ ਇਕ ਹੀ ਰਨਵੇਅ ਤੇ ਆ ਗਏ ਸਨ। ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ ਨੇ ਯੂਏਈ ਦੀ ਜਨਰਲ ਸਿਵਲ ਏਵੀਏਸ਼ਨ ਅਥਾਰਟੀ ਨੂੰ ਇਸ ਘਟਨਾ ਬਾਰੇ ਆਪਣੀ ਜਾਂਚ ਰਿਪੋਰਟ ਸਾਂਝੀ ਕਰਨ ਲਈ ਕਿਹਾ ਹੈ। ਡੀਜੀਸੀਏ ਦੇ ਮੁਖੀ ਅਰੁਣ ਕੁਮਾਰ ਨੇ ਦੱਸਿਆ ਕਿ ਦੁਬਈ-ਹੈਦਰਾਬਾਦ ਫਲਾਈਟ (ਈਕੇ-524) ਅਤੇ ਦੁਬਈ-ਬੈਂਗਲੁਰੂ ਫਲਾਈਟ (ਈਕੇ-568) ਇਕੋ ਰਨਵੇਅ ਤੇ ਆ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਈਕੇ-524 ਨੇ ਰਾਤ 9।45 ਵਜੇ ਰਵਾਨਾ ਹੋਣਾ ਸੀ ਜਦੋਂਕਿ ਈਕੇ-568 ਨੇ ਰਾਤ 9।50 ਵਜੇ ਉਡਾਣ ਭਰਨੀ ਸੀ। ਇਸ ਦੌਰਾਨ ਜਹਾਜ਼ਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ ਅਤੇ ਨਾ ਹੀ ਕਿਸੇ ਦੇ ਕੋਈ ਸੱਟ ਲੱਗੀ ਹੈ।

# ਅਮਰੀਕਾ ਵਿਚ ਸੜਕ ਹਾਦਸੇ 'ਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ

ਜਲੰਧਰ (ਪਾਲ ਸਿੰਘ ਨੌਲੀ)-ਅਮਰੀਕਾ ਵਿਚ ਵਾਪਰੇ ਇਕ ਸੜਕ ਹਾਦਸੇ ਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ। ਪਰਿਵਾਰ ਜਦੋਂ ਲੋਹੜੀ ਦੀਆਂ ਖੁਸ਼ੀਆਂ ਮਨਾ ਰਿਹਾ ਸੀ ਤਾਂ ਇਸ ਦਰਦਨਾਕ ਖ਼ਬਰ ਨਾਲ ਇਲਾਕੇ ਚ ਸੋਗ ਫੈਲ ਗਿਆ। ਇਹ ਦੋਵੇਂ ਨੌਜਵਾਨ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਲੱਖਣ ਕੇ ਪੱਡਾ ਅਤੇ ਲਿੱਟਾਂ ਦੇ ਰਹਿਣ ਵਾਲੇ ਸਨ। ਲੱਖਣ ਕੇ ਪੱਡਾ ਦੇ ਬਲਜਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ ਅਤੇ ਲਿੱਟਾਂ ਪਿੰਡ ਦੇ ਸੁਖਜੀਤ ਸਿੰਘ (30) ਪੁੱਤਰ ਨਰਿੰਦਰ ਸਿੰਘ ਲੰਘੀ ਸ਼ਾਮ ਅਮਰੀਕਾ ਵਿਚ ਇਕੋ ਗੱਡੀ ਚ ਜਾ ਰਹੇ ਸਨ। ਇਹ ਹਾਦਸਾ ਉਨ੍ਹਾਂ ਦੇ ਘਰ ਤੋਂ ਮਹਿਜ਼ ਦੋ ਕਿਲੋਮੀਟਰ ਦੀ ਦੂਰੀ ਤੇ ਵਾਪਰਿਆ। ਕੈਲੀਫੋਰਨੀਆ ਵਿਚ ਰਹਿੰਦੇ ਇਹ ਨੌਜਵਾਨ ਲੰਬੇ ਸਮੇਂ ਤੋਂ ਉੱਥੇ ਗਏ ਹੋਏ ਸਨ। ਸੁਖਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ 2010 ਵਿੱਚ ਅਮਰੀਕਾ ਗਿਆ ਸੀ। ਉੱਥੇ ਦੋ ਸਾਲ ਬਾਅਦ ਹੀ ਉਸ ਦਾ ਵਿਆਹ ਹੋ ਗਿਆ ਸੀ। ਉਸ ਦਾ ਨੌਂ ਸਾਲ ਦਾ ਇਕ ਬੇਟਾ ਵੀ ਹੈ। ਪਰਿਵਾਰਕ ਮੈਂਬਰਾਂ ਦਾ ਕਹਿਣਾ ਸੀ ਕਿ ਸੁਖਜੀਤ ਸਿੰਘ ਨੇ 12 ਸਾਲਾਂ ਬਾਅਦ ਪੰਜਾਬ ਆਉਣਾ ਸੀ ਅਤੇ ਉਸ ਦੀ ਫਲਾਈਟ 17 ਤੇ 18 ਜਨਵਰੀ ਦੀ ਦਰਮਿਆਨੀ ਰਾਤ ਨੂੰ ਉਤਰਨੀ ਸੀ। ਇਨ੍ਹਾਂ ਨੌਜਵਾਨਾਂ ਦੀ ਮੌਤ ਬਾਰੇ ਸੁਣ ਕੇ ਇਲਾਕੇ ਵਿਚ ਵੀ ਸੋਗ ਦਾ ਮਾਹੌਲ ਹੈ। ਸੁਖਜੀਤ ਸਿੰਘ ਦੇ ਪਿਤਾ ਨਰਿੰਦਰ ਸਿੰਘ ਚੀਮਾ ਤੇ ਮਾਤਾ ਅਮਰੀਕਾ ਲਈ ਰਵਾਨਾ ਹੋ ਗਏ ਹਨ।





# ਭਾਰਤ ਤੇ ਯੂਕੇ ਵੱਲੋਂ ਮੁਕਤ ਵਪਾਰ ਸਮਝੌਤੇ ਬਾਰੇ ਸ਼ਰਤਾਂ ਤੈਅ

ਨਵੀਂ ਦਿੱਲੀ-ਭਾਰਤ ਤੇ ਯੂਕੇ ਨੇ ਤਜਵੀਜ਼ਤ ਮੁਕਤ ਵਪਾਰ ਸਮਝੌਤੇ ਦੀਆਂ ਸ਼ਰਤਾਂ ਅੱਜ ਰਸਮੀ ਤੌਰ ਤੇ ਤੈਅ ਕਰ ਲਈਆਂ ਹਨ। ਇਸ ਸਮਝੌਤੇ ਨਾਲ ਸਾਲ 2030 ਤੱਕ ਦੁਵੱਲਾ ਵਪਾਰ ਲਗਪਗ ਦੁੱਗਣਾ ਕਰਨ ਵਿੱਚ ਮਦਦ ਮਿਲੇਗੀ ਤੇ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਬੰਧਾਂ ਨੂੰ ਹੁਲਾਰਾ ਮਿਲੇਗਾ। ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਸ਼ਰਤਾਂ ਅੱਜ ਇਥੇ ਵਣਜ ਤੇ ਸਨਅਤ ਮੰਤਰੀ ਪਿਊਸ਼ ਗੋਇਲ ਤੇ ਕੌਮਾਂਤਰੀ ਵਪਾਰ ਬਾਰੇ ਯੂਕੇ ਦੀ ਰਾਜ ਮੰਤਰੀ ਐਨੀ ਮਾਰੀ ਟਰੈਵੇਲਾਨ ਨੇ ਜਾਰੀ ਕੀਤੀਆਂ। ਗੋਇਲ ਨੇ ਕਿਹਾ ਕਿ ਮੁਕਤ ਵਪਾਰ ਸਮਝੌਤੇ ਦੀਆਂ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਮਗਰੋਂ ਦੋਵਾਂ ਮੁਲਕਾਂ ਨੇ ਇਨ੍ਹਾਂ ਦੀ ਤਾਈਦ ਕੀਤੀ ਹੈ। ਸ੍ਰੀ ਗੋਇਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁਕਤ ਵਪਾਸ ਸਮਝੌਤੇ ਤਹਿਤ ਪਹਿਲੇ ਗੇੜ ਦੀ ਗੱਲਬਾਤ 17 ਜਨਵਰੀ ਨੂੰ ਸ਼ੁਰੂ ਹੋਵੇਗੀ ਤੇ ਭਵਿੱਖ ਗੇੜਾਂ ਦੀ ਗੱਲਬਾਤ ਇਕ ਅੰਦਾਜ਼ੇ ਮੁਤਾਬਕ ਹਰ ਪੰਜ ਹਫ਼ਤਿਆਂ ਮਗਰੋਂ ਹੋਵੇਗੀ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਦਸੰਬਰ 2022 ਤੱਕ ਗੱਲਬਾਤ ਨੂੰ ਮੁਕਾ ਲੈਣਗੇ। ਗੋਇਲ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਸਹਿਮਤੀ ਦਿੱਤੀ ਹੈ ਕਿ ਉਹ ਸ਼ੁਰੂਆਤ ਵਿੱਚ ਪਰਸਪਰ ਲਾਹੇ ਵਾਲੇ ਖੇਤਰਾਂ ਵੱਲ ਧਿਆਨ ਧਰਨਗੇ ਤੇ ਇਸ ਕੰਮ ਲਈ , "ਅਸੀਂ ਅਗਲੇ ਕੁਝ ਮਹੀਨਿਆਂ ਅਕਰਾਮਕ ਸਮੇਂ ਸੀਮਾ ਨਿਰਧਾਰਿਤ ਕੀਤੀ ਹੈ।।। ਸ਼ੁਰੂਆਤੀ ਗੇੜ ਵਿੱਚ ਅਸੀਂ ਆਸਾਨੀ ਨਾਲ ਵਾਸਤਵਿਕ ਸਮਝੌਤਾ ਤਿਆਰ ਕਰ ਲਵਾਂਗੇ। ਪਿਊਸ਼ ਨੇ ਕਿਹਾ ਕਿ ਉਹ ਸਾਲ ਦੇ ਅੰਦਰ ਸਮਝੌਤੇ ਨੂੰ ਅਮਲੀ ਰੂਪ ਦੇ ਦੇਣਗੇ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਚਮੜਾ, ਕੱਪੜਾ, ਗਹਿਣੇ ਤੇ ਪ੍ਰੋਸੈਸਡ ਖੇਤੀ ਉਤਪਾਦਾਂ ਨਾਲ ਜੁੜੀਆਂ ਭਾਰਤੀ ਬਰਾਮਦਾਂ ਨੂੰ ਹੁਲਾਰਾ ਦੇਣ ਵਿੱਚ ਸਹਾਈ ਹੋਵੇਗਾ। ਉਧਰ ਟਰੈਵੇਲਾਨ ਨੇ ਕਿਹਾ ਕਿ ਉਨ੍ਹਾਂ ਨੇ ਇਸ ਦਹਾਕੇ ਦੇ ਅੰਤ ਤੱਕ ਦੋਵਾਂ ਮੁਲਕਾਂ ਦਰਮਿਆਨ ਵਪਾਰ ਨੂੰ ਦੁੱਗਣਾ ਕਰਨ ਦਾ ਟੀਚਾ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਨਾਲ ਦੋਵਾਂ ਮੁਲਕਾਂ ਦੇ ਆਰਥਿਕ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਤੇ ਨਵੀਂ ਉਚਾਈ ਮਿਲੇਗੀ।

# ਕਾਂਗਰਸ ਨੇਤਾ ਜੋਗਿੰਦਰ ਸਿੰਘ ਮਾਨ ਨੇ ਪਾਰਟੀ ਛੱਡੀ

ਫਗਵਾੜਾ-ਡਾ: ਬੀਆਰ ਅੰਬੇਡਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਘਪਲੇ ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਅਤੇ ਫਗਵਾੜਾ ਨੂੰ ਜ਼ਿਲ੍ਹਾ ਨਾ ਬਣਾਉਣ ਤੋਂ ਨਾਰਾਜ਼ ਕਾਂਗਰਸ ਦੇ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਮਰਹੂਮ ਬੂਟਾ ਸਿੰਘ ਦੇ ਭਾਣਜੇ ਜੋਗਿੰਦਰ ਸਿੰਘ ਅੱਜ ਪਾਰਟੀ ਤੇ ਕੈਬਨਿਟ ਰੈਂਕ ਵਾਲੀ ਚੇਅਰਮੈਨੀ ਨੂੰ ਛੱਡ ਦਿੱਤਾ। 1985, 1992 ਤੇ 2002 ਚ ਫਗਵਾੜਾ ਤੋਂ ਵਿਧਾਇਕ ਰਹੇ ਸ੍ਰੀ ਮਾਨ ਪੰਜਾਬ ਵਿੱਚ ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ, ਰਜਿੰਦਰ ਕੌਰ ਭੱਠਲ ਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਚ ਮੰਤਰੀ ਰਹੇ।

# ਲੋਹੜੀ ਮਨਾਕੇ ਘਰ ਪਰਤ ਰਹੇ ਪਰਿਵਾਰ ਦੀ ਕਾਰ ਦਰਖਤ ਚ ਵੱਜੀ: ਪਤੀ-ਪਤਨੀ ਤੇ ਬੱਚੀ ਦੀ ਮੌਤ

ਮਾਨਸਾ-ਰਿਸ਼ਤੇਦਾਰੀ ਵਿਚ ਲੋਹੜੀ ਮਨਾਕੇ ਕਾਰ ਰਾਹੀਂ ਘਰ ਪਰਤ ਰਹੇ ਪਤੀ-ਪਤਨੀ ਅਤੇ ਬੱਚੀ ਦੀ ਮੌਤ ਹੋ ਗਈ। ਗੋਪੀ ਸਿੰਘ (31) ਪੁੱਤਰ ਭਾਗ ਸਿੰਘ ਆਪਣੀ ਪਤਨੀ ਗੀਤਾ ਰਾਣੀ (30) ਅਤੇ ਪੁੱਤਰੀ ਰੱਜੋ (2) ਰਿਸ਼ਤੇਦਾਰੀ ਵਿਚ ਲੋਹੜੀ ਮਨਾਉਣ ਬਾਅਦ ਪਿੰਡ ਬਛੋਆਣਾ ਤੋਂ ਪਿੰਡ ਫਤਿਹਗੜ੍ਹ (ਸੰਗਰੂਰ) ਨੂੰ ਜਾ ਰਹੇ ਸੀ ਕਿ ਅਚਾਨਕ ਪਿੰਡ ਦੋਦੜਾ ਦੇ ਨਜ਼ਦੀਕ ਕਾਰ ਬੇਕਾਬੂ ਹੋ ਕੇ ਦਰਖੱਤ ਨਾਲ ਜਾ ਟਕਰਾਈ। ਸਦਰ ਪੁਲੀਸ ਨੇ ਰਾਹਗੀਰਾਂ ਦੇ ਸਹਿਯੋਗ ਨਾਲ ਲਾਸ਼ਾਂ ਸਿਵਲ ਹਸਪਤਾਲ ਭੇਜੀਆਂ। ਸਹਾਇਕ ਥਾਣੇਦਾਰ ਪਵਿੱਤਰ ਸਿੰਘ ਨੇ ਮ੍ਰਿਤਕ ਦੇ ਭਰਾ ਉਮ ਪ੍ਰਕਾਸ਼ ਦੇ ਬਿਆਨ ਤੇ ਧਾਰਾ 174 ਅਧੀਨ ਲਾਸ਼ਾਂ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਪਰਿਵਾਰ ਨੰ ਸੌਂਪ ਦਿਤੀਆਂ।

# ਅਕਾਲੀ ਆਗੂ ਮਜੀਠੀਆ ਨੂੰ ਪੇਸ਼ਗੀ ਜ਼ਮਾਨਤ ਮਿਲਣ ਨਾਲ ਪੰਜਾਬ ਕਾਂਗਰਸ ਨੂੰ ਕਰਾਰ ਝਟਕਾ !

ਸਫ਼ਾ 1 ਦੀ ਬਾਕੀ

ਸਰਕਾਰ ਨੇ ਕਿਹਾ ਸੀ ਕਿ ਮਾਮਲੇ ਦੀ ਤਹਿ ਤੱਕ ਜਾਣ ਲਈ ਮਜੀਠੀਆ ਨੂੰ ਪੁਲੀਸ ਹਿਰਾਸਤ ਵਿੱਚ ਲੈ ਕੇ ਪੁੱਛ-ਗਿੱਛ ਕਰਨੀ ਬਹੁਤ ਜ਼ਰੂਰੀ ਹੈ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਜੀਠੀਆ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰ ਲਈ।

### ਸਿਟ ਅੱਗੇ ਪੇਸ਼ ਹੋਏ ਮਜੀਠੀਆ

ਅਕਾਲੀ ਦਲ ਦੇ ਆਗੂ ਮਜੀਠੀਆ ਨਸ਼ਾ ਤਸਕਰੀ ਮਾਮਲੇ ਵਿੱਚ ਸਿਟ ਅੱਗੇ ਪੇਸ਼ ਹੋਏ। ਹਾਈ ਕੋਰਟ ਵੱਲੋਂ ਅਗਾਊਂ ਜ਼ਮਾਨਤ ਮਿਲਣ ਬਾਅਦ ਮਜੀਠੀਆ ਅੱਜ ਆਪਣੇ ਵਕੀਲਾਂ ਨਾਲ ਪੰਜਾਬ ਪੁਲੀਸ ਦੇ ਸਟੇਟ ਕ੍ਰਾਇਮ ਬਿਊਰੋ ਥਾਣੇ ਵਿੱਚ ਪਹੁੰਚੇ। ਇਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਢਾਈ ਘੰਟਿਆਂ ਦੀ ਪੁੱਛ ਪੜਤਾਲ ਬਾਅਦ ਥਾਣੇ ਦੇ ਬਾਹਰ ਪੱਤਰਕਾਰਾਂ ਕੋਲ ਦਾਅਵਾ ਕੀਤਾ ਕਿ ਉਨ੍ਹਾਂ ਵਲੋਂ ਸਿਟ ਨੂੰ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਸਰਕਾਰ ਨੇ ਉਸ ਵਿਰੁੱਧ ਝੂਠਾ ਕੇਸ ਦਰਜ ਕੀਤਾ ਹੈ। ਸਿਟ ਨੇ ਕੇਸ ਮੁਤੱਲਕ ਜੋ ਕੁੱਝ ਪੁੱਛਿਆ ਗਿਆ, ਉਸ ਦਾ ਸਹੀ ਜਵਾਬ ਦਿੱਤਾ ਗਿਆ ਹੈ। ਦੁਬਾਰਾ ਸਿੱਟ ਅੱਗੇ ਪੇਸ਼ ਹੋਣ ਸਬੰਧੀ ਮਜੀਠੀਆ ਨੇ ਕਿਹਾ ਪੁਲੀਸ ਜਦੋਂ ਬੁਲਾਏਗੀ, ਉਹ ਹਾਜ਼ਰ ਹੋ ਜਾਣਗੇ। ਮਜੀਠੀਆ ਖ਼ਿਲਾਫ਼ ਪਿਛਲੇ ਦਿਨੀਂ ਇਥੋਂ ਦੇ ਫੇਜ-4 ਸਥਿਤ ਪੰਜਾਬ ਪੁਲੀਸ ਦੇ ਸਟੇਟ ਕ੍ਰਾਇਮ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ।





ਯਾਦਾਂ...

# ਸਾਡੇ ਸਮਿਆਂ ਦੇ ਸਭ ਤੋਂ ਵੱਡੇ ਲੇਖਕ ਪ੍ਰੋ: ਗੁਰਦਿਆਲ ਸਿੰਘ

### ਹਰਦਮ ਸਿੰਘ ਮਾਨ

ਪੰਜਾਬੀ ਸਾਹਿਤ ਨੂੰ ਵਿਸ਼ਵ ਬੁਲੰਦੀਆਂ ਤੀਕ ਪੁਚਾਉਣ ਵਾਲੇ ਉਚ ਕੋਟੀ ਦੇ ਸਾਹਿਤਕਾਰ, ਵਿਦਵਾਨ, ਚਿੰਤਕ ਅਤੇ ਦਰਵੇਸ਼ ਇਨਸਾਨ ਪ੍ਰੋ। ਗੁਰਦਿਆਲ ਸਿੰਘ ਨਾਵਲਕਾਰ ਦਾ ਜਨਮ 10 ਜਨਵਰੀ 1933 ਈਸਵੀ ਨੂੰ ਪਿੰਡ ਡੋਲਿਆਂਵਾਲੀ (ਨੇੜੇ ਜੈਤੋ) ਜ਼ਿਲ੍ਹਾ ਫ਼ਰੀਦਕੋਟ ਵਿਖੇ ਪਿਤਾ ਜਗਤ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖ ਤੋਂ ਹੋਇਆ ਸੀ। ਬਚਪਨ ਵਿਚ ਮਜ਼ਬੂਰਨ ਸਕੂਲ ਦੀ ਪੜ੍ਹਾਈ ਵਿਚਾਲੇ ਛੱਡਕੇ ਉਨ੍ਹਾਂ ਸੱਤ ਸਾਲ ਇਕ ਕਾਮੇ ਦੇ ਰੂਪ ਵਿਚ ਮੁਸ਼ਕਤ ਭਰੀ ਜ਼ਿੰਦਗੀ ਹੰਢਾਈ। ਜਵਾਨੀ ਦੀ ਚੜ੍ਹਦੀ ਉਮਰੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦਾ ਅਤੇ ਖ਼ੁਦ ਆਪਣਾ ਜੀਵਨ ਸੁਖਾਵਾਂ ਬਣਾਉਣ ਦੀ ਤਾਂਘ ਉਨ੍ਹਾਂ ਅੰਦਰ ਮਚਲਣ ਲੱਗੀ ਅਤੇ ਇਸ ਖ਼ਾਹਿਸ਼ ਸਦਕਾ ਉਹ ਪ੍ਰਾਇਮਰੀ ਅਧਿਆਪਕ ਬਣ ਗਏ। 7 ਸਾਲ ਪੰਜਾਬੀ ਅਧਿਆਪਕ ਦੀ ਸੇਵਾ ਉਪਰੰਤ 1971 ਵਿਚ ਉਹ ਕਾਲਜ ਵਿਚ ਪੰਜਾਬੀ ਲੈਕਚਰਾਰ ਲੱਗ ਗਏ ਅਤੇ ਪੰਜਾਬੀ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਬਠਿੰਡਾ ਦੇ ਮੁਖੀ ਵਜੋਂ ਉਹ ਸੇਵਾ ਮੁਕਤ ਹੋਏ।

ਪ੍ਰੋ: ਗੁਰਦਿਆਲ ਸਿੰਘ ਨੇ ਆਪਣਾ ਸਾਹਿਤਕ ਸਫਰ 1957 ਵਿਚ ਇਕ ਕਹਾਣੀਕਾਰ ਵਜੋਂ ਸ਼ੁਰੂ ਕੀਤਾ ਅਤੇ ਥੋੜ੍ਹੇ ਹੀ ਸਮੇਂ ਵਿਚ ਉਨ੍ਹਾਂ ਦਾ ਜ਼ਿਕਰ ਪੰਜਾਬੀ ਦੇ ਉੱਚਕੋਟੀ ਦੇ ਕਹਾਣੀਕਾਰਾਂ ਵਿਚ ਹੋਣ ਲੱਗਿਆ। 1964 ਵਿਚ ਜਦੋਂ ਉਨ੍ਹਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ ਤਾਂ ਪੰਜਾਬੀ ਸਾਹਿਤ ਵਿਚ ਏਨਾ ਚਰਚਿਤ ਹੋਇਆ ਕਿ ਉਨ੍ਹਾਂ ਦੇ ਨਾਂ ਦੇ ਨਾਲ 'ਮੜ੍ਹੀ ਦਾ ਦੀਵਾ' ਜੁੜ ਗਿਆ। ਸੁਪ੍ਰਸਿੱਧ ਪੰਜਾਬੀ ਵਿਦਵਾਨ ਅਤੇ ਆਲੋਚਕ ਡਾ। ਅਤਰ ਸਿੰਘ ਕਹਿਣਾ ਸੀ 'ਗੁਰਦਿਆਲ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਵਿਚ ਜੋ ਨਵੇਂ ਰੁਝਾਨ ਪੈਦਾ ਹੋਏ ਹਨ ਉਨ੍ਹਾਂ ਨੂੰ ਪਾਠਕ, ਅਧਿਆਪਕ ਤੇ ਵਿਦਵਾਨ ਸਾਰੇ ਹੀ ਪ੍ਰਵਾਨ ਕਰਦੇ ਹਨ ਅਤੇ ਇਹ ਮੰਨਦੇ ਹਨ ਕਿ ਗੁਰਦਿਆਲ ਸਿੰਘ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਹੀ ਭਾਰਤ ਦੇ ਮਹਾਨ ਲੇਖਕ ਮੁਨਸ਼ੀ ਪ੍ਰੇਮ ਚੰਦ ਦੇ 'ਗੋਦਾਨ' ਅਤੇ ਫਰਣੇਸ਼ਵਰ ਰੇਣੂੰ ਦੇ 'ਮੈਲਾ ਆਂਚਲ' ਦੇ ਪੱਧਰ ਦਾ ਨਾਵਲ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਉਨ੍ਹਾਂ ਨੂੰ 'ਸਾਡੇ ਸਮਿਆਂ ਦਾ ਸਭ ਤੋਂ ਵੱਡਾ ਲੇਖਕ' ਦਸਦੇ ਸਨ ਅਤੇ ਉੱਘੇ ਆਲੋਚਕ ਡਾ। ਟੀ। ਆਰ। ਵਿਨੋਦ ਉਨ੍ਹਾਂ ਨੂੰ 'ਪੰਜਾਬੀ ਦਾ ਪਹਿਲਾ ਫਿਲਾਸਫਰ ਗਲਪਕਾਰ' ਕਹਿੰਦੇ ਸਨ। ਉਨ੍ਹਾਂ 10 ਨਾਵਲ, 10 ਕਹਾਣੀ ਸੰਗ੍ਰਹਿ, ਤਿੰਨ ਨਾਟਕ ਪੁਸਤਕਾਂ, 10 ਬਾਲ ਸਾਹਿਤ ਪੁਸਤਕਾਂ ਸਮੇਤ 40 ਤੋਂ ਵਧੇਰੇ ਪੁਸਤਕਾਂ ਨਾਲ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿਚ ਅਨਮੋਲ ਯੋਗਦਾਨ ਪਾਇਆ। ਉਨ੍ਹਾਂ ਦੀਆਂ ਕਈ ਰਚਨਾਵਾਂ ਹਿੰਦੀ, ਅੰਗਰੇਜ਼ੀ, ਰੂਸੀ ਅਤੇ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ। ਉਨ੍ਹਾਂ ਦੇ ਨਾਵਲ 'ਅੱਧ ਚਾਨਣੀ ਰਾਤ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਉਤੇ ਬਣੀ ਫਿਲਮ, ਪਹਿਲੀ ਪੰਜਾਬੀ ਫ਼ਿਲਮ ਹੈ ਜਿਹੜੀ 68 ਸਾਲਾਂ ਬਾਅਦ ਇਟਲੀ ਦੇ ਕੌਮਾਂਤਰੀ ਫ਼ਿਲਮ ਮੇਲੇ ਵਿੱਚ ਵਿਖਾਈ ਗਈ। ਉਨ੍ਹਾਂ ਦੇ ਨਾਵਲ 'ਅਣਹੋਏ', 'ਕੁਵੇਲਾ', 'ਪਹੁ ਫੁਟਾਲੇ ਤੋਂ ਪਹਿਲਾਂ', 'ਪਰਸਾ', 'ਰੇਤੇ ਦੀ ਇਕ ਮੁੱਠੀ' ਅਤੇ 'ਆਹਣ' ਤੋਂ ਇਲਾਵਾ ਕਈ ਕਹਾਣੀ-



ਸੰਗ੍ਰਿਹਾਂ ਨੂੰ ਵੀ ਪੰਜਾਬੀ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਉਨ੍ਹਾਂ ਦੀ ਸਵੈ-ਜੀਵਨੀ 'ਨਿਆਣਮੱਤੀਆਂ' ਅੰਗਰੇਜ਼ੀ ਵਿੱਚ ਅਨੁਵਾਦ ਹੋ ਕੇ ਛਪੀ ਹੈ। ਸਾਹਿਤਕ ਯੋਗਦਾਨ ਬਦਲੇ ਉਨ੍ਹਾਂ ਨੂੰ ਭਾਰਤ ਦਾ ਸਭ ਤੋਂ ਵੱਡਾ ਸਾਹਿਤਕ ਐਵਾਰਡ (ਗਿਆਨਪੀਠ) ਹਾਸਿਲ ਹੋਇਆ। ਭਾਰਤ ਦੇ ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ ਪਦਮ ਸ਼੍ਰੀ ਨਾਲ ਸਨਮਾਨਿਆ ਗਿਆ। ਇਹਨਾਂ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਪੰਜਾਬ ਸਾਹਿਤ ਅਕਾਦਮੀ ਪੁਰਸਕਾਰ, ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ, ਸੋਵੀਅਤ ਲੈਂਡ ਨਹਿਰੂ ਪੁਰਸਕਾਰ, ਆਈ। ਬੀ। ਸੀ। (ਯੂ। ਕੇ।) ਵੱਲੋਂ 20ਵੀਂ ਸਦੀ ਦੇ ਪੁਰਸਕਾਰਾਂ ਸਮੇਤ ਉਹ ਅਨੇਕਾਂ ਮਾਣ ਸਨਮਾਨ ਮਿਲੇ। ਇਨ੍ਹਾਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਦਿੱਤਾ ਗਿਆ ਵਿਜ਼ਟਿੰਗ ਪ੍ਰੋਫੈਸਰ ਦਾ ਸਨਮਾਨ ਵੀ ਸ਼ਾਮਿਲ ਹੈ।

ਪ੍ਰੋ: ਗੁਰਦਿਆਲ ਸਿੰਘ ਦੀ ਸਾਹਿਤਕ ਬੁੱਕਲ ਮਾਣਨ ਦਾ ਮੈਨੂੰ ਵੀ ਫ਼ਖ਼ਰ ਹਾਸਲ ਹੈ। ਆਪਣੇ ਜੀਵਨ ਬਾਰੇ ਉਹ ਅਕਸਰ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਆਪਣਾ ਜੀਵਨ ਮਜ਼ਦੂਰੀ ਤੋਂ ਸ਼ੁਰੂ ਕੀਤਾ, ਜਿਸ ਕਰਕੇ ਸਕੂਲ ਛੱਡਣਾ ਪਿਆ। ਬਾਰਾਂ ਸਾਲ ਦੀ ਉਮਰ ਤੋਂ ਅੱਠ ਸਾਲ ਪਿਤਾ ਨਾਲ ਕੰਮ ਕੀਤਾ। ਪਰ ਇਨ੍ਹਾਂ ਅੱਠਾਂ ਸਾਲਾਂ ਵਿਚ ਆਪਣੇ ਪੂਜਨੀਕ ਅਧਿਆਪਕ ਸ੍ਰੀ ਮਦਨ ਮੋਹਨ ਸ਼ਰਮਾ ਜੀ ਵੱਲੋਂ ਉਤਸਾਹਿਤ ਕਰਨ ਕਰਕੇ ਸਿਰਫ ਚਾਰ ਪੰਜ ਘੰਟੇ ਸੌਂ ਕੇ ਪੜ੍ਹਾਈ ਕੀਤੀ ਅਤੇ 21 ਸਾਲਾਂ ਦੀ ਉਮਰ ਵਿਚ ਉਨ੍ਹਾਂ ਦੀ ਕਿਰਪਾ ਨਾਲ ਹੀ ਪ੍ਰਾਇਮਰੀ ਅਧਿਆਪਕ ਨਿਯੁਕਤ ਹੋ ਗਏ। ਪੜ੍ਹਾਈ ਜਾਰੀ ਰੱਖੀ ਜਿਸ ਕਾਰਨ 15 ਸਾਲ ਸਕੂਲ ਅਧਿਆਪਕ, 15 ਸਾਲ ਕਾਲਜ ਲੈਕਚਰਾਰ ਅਤੇ 9 ਸਾਲ ਯੂਨੀਵਰਸਿਟੀ ਵਿਚ ਰੀਡਰ ਅਤੇ ਪ੍ਰੋਫੈਸਰ ਰਹੇ, 1995 ਵਿਚ ਪ੍ਰੋਫੈਸਰ ਦੀ ਪਦਵੀ ਤੋਂ ਸੇਵਾ-ਮੁਕਤ ਹੋਏ।

ਲਿਖਣ ਵੱਲ ਪ੍ਰੇਰਿਤ ਹੋਣ ਦਾ ਜ਼ਿਕਰ ਕਰਦਿਆਂ ਉਹ ਕਹਿੰਦੇ ਸਨ ਕਿ ਪ੍ਰਾਇਮਰੀ ਅਧਿਆਪਕ ਨਿਯੁਕਤ ਹੋਣ ਤੋਂ ਪਹਿਲਾਂ ਹੀ ਪੜ੍ਹਨ ਲਿਖਣ ਵਿਚ ਰੁਚੀ ਸੀ। ਪਰ ਜਿਹੋ ਜਿਹਾ ਜੀਵਨ ਜੀਵਿਆ ਉਸ ਕਰਕੇ ਲਿਖਣਾ ਸ਼ੁਰੂ 'ਕਰਨਾ ਪਿਆ'। ਅਜਿਹਾ ਤਾਂ ਕਦੇ ਸੋਚ ਵੀ ਨਾ ਸਕਿਆ ਕਿ ਲੇਖਕ ਬਣ ਸਕਾਂਗਾ। ਅਧਿਆਪਨ ਦੇ ਨਾਲ ਨਾਲ ਚਾਲੀ ਤੋਂ ਵੱਧ ਪੁਸਤਕਾਂ ਇਸੇ ਕਰਕੇ ਅਨੁਵਾਦ ਵੀ ਕੀਤੀਆਂ, ਕਿਉਂ ਕਿ ਪ੍ਰਾਇਮਰੀ ਅਧਿਆਪਕ ਹੁੰਦਿਆਂ ਸਿਰਫ ਚਾਲੀ ਰੁਪਏ ਮਹੀਨਾ ਤਨਖ਼ਾਹ ਨਾਲ ਤਿੰਨ ਬੱਚਿਆਂ ਦਾ ਪਾਲਣ ਪੋਸ਼ਣ ਸੰਭਵ ਨਹੀਂ ਸੀ। ਪੜ੍ਹਾਈ ਨਾਲ ਜਿਵੇਂ ਜਿਵੇਂ ਤਰੱਕੀਆਂ ਮਿਲਦੀਆਂ ਗਈਆਂ, ਵੇਤਨ ਵੀ ਵਧਦਾ ਗਿਆ। ਪਰ ਉਸੇ ਅਨੁਪਾਤ ਨਾਲ ਘਰ ਦੇ ਖਰਚੇ ਵੀ ਵਧਦੇ ਗਏ। ਕੁਝ ਅਜਿਹੇ ਕਾਰਨਾਂ ਕਰਕੇ ਹੀ ਕਦੇ ਚੰਗੀ ਗੁਜਰ ਬਸਰ ਨਾ ਕਰ ਸਕਿਆ। ਸਿਰਫ ਕੰਮ ਹੀ ਜੀਵਨ ਦਾ ਅਰਥ ਹੋ ਗਿਆ। ਕਦੇ ਵੀ ਅਜਿਹਾ ਜੀਵਨ ਨਾ ਜਿਉਂ ਸਕਿਆ ਜਿਸ ਨੂੰ 'ਸੁਖੀ' ਕਿਹਾ ਜਾਂਦਾ ਹੈ। ਪ੍ਰਾਈਵੇਟ ਵਿਦਿਆਰਥੀ ਵਜੋਂ ਪ੍ਰੀਖਿਆਵਾਂ ਪਾਸ ਕਰਨ ਲਈ ਪੜ੍ਹਨਾ ਪਿਆ, ਰੋਜ਼ੀ ਰੋਟੀ ਲਈ ਪੜ੍ਹਨਾ ਪਿਆ ਅਤੇ ਸਾਹਿਤ ਇਸ ਲਈ ਵੀ ਪੜ੍ਹਦਾ ਰਿਹਾ ਕਿ ਅਜਿਹਾ (ਕਲਾਸੀਕਲ) ਸਾਹਿਤ ਪੜ੍ਹੇ ਬਿਨਾਂ ਸਿਰਫ ਵਿਅਕਤੀਗਤ ਅਨੁਭਵ ਦੇ ਆਧਾਰ 'ਤੇ ਹੀ ਚੰਗੀ ਰਚਨਾ ਨਹੀਂ ਕੀਤੀ ਜਾ ਸਕਦੀ। ਇਸਦੇ ਲਈ ਬਹੁਤ ਕੁਝ ਹੋਰ ਵੀ ਸਿੱਖਣਾ ਹੁੰਦਾ ਹੈ।

ਉਹ ਸਾਹਿਤ ਨੂੰ ਸਾਧਨਾ ਮੰਨਦੇ ਸਨ, ਕੋਈ ਇਲਹਾਮ ਨਹੀਂ। ਉਹ ਕਹਿੰਦੇ ਸਨ 'ਸਾਹਿਤ ਰਚਨਾ ਮੇਰੇ ਲਈ ਦਿਲ ਪ੍ਰਚਾਵਾ ਜਾਂ ਵਿਹਲੇ ਵੇਲੇ ਦਾ ਕੋਈ ਵਾਧੂ ਕੰਮ ਨਹੀਂ ਹੋ ਸਕਦੀ। ਅਸਲ ਵਿਚ ਮੇਰੀ ਸਾਰੀ ਰਚਨਾ ਆਪਣੇ ਆਲੇ-ਦੁਆਲੇ ਦੇ ਆਮ ਲੋਕਾਂ ਦੇ ਅੰਦਰ ਬਾਹਰ ਨੂੰ ਕਿਸੇ ਕਲਾਮਈ ਰੂਪ ਵਿਚ ਪੇਸ਼ ਕਰਨ ਦਾ ਨਿਮਾਣਾ ਯਤਨ ਹੈ, ਜਿਸ ਨੂੰ ਤੱਕ ਕੇ ਉਹ ਆਪਣਾ ਆਪ ਪਛਾਣਨ ਤੇ ਸਮਝਣ ਦੇ ਵਧੇਰੇ ਯੋਗ ਹੋ ਸਕਣ ਤੇ ਕੋਈ ਅਜਿਹਾ ਹੀਲਾ ਸੋਚ ਸਕਣ ਕਿ ਜੇ ਇਹ ਧਰਤੀ ਅਜੇ ਪੂਰਨ ਸਵੱਰਗ ਬਣਨੀ ਸੰਭਵ ਨਹੀਂ ਤਾਂ ਇਹਨੂੰ ਆਪਣੇ ਜਿਉਣ ਜੋਗੀ ਅਜਿਹੀ ਸੁਖਾਵੀਂ ਥਾਂ ਜ਼ਰੂਰ ਬਣਾ ਲੈਣ, ਜਿੱਥੇ ਉਨ੍ਹਾਂ ਦੇ ਪਿਆਰ ਦੀ ਨਿੱਘੀ ਧੁੱਪ ਵਿਚ ਮਨੁੱਖ ਦੀਆਂ ਆਉਣ ਵਾਲੀਆਂ ਨਸਲਾਂ ਦੀਆਂ ਗੁਲਦਾਉਦੀਆਂ ਮੌਲ ਸਕਣ।'

ਉਨ੍ਹਾਂ ਦੇ ਕਥਨ ਸਨ "ਜੀਵਨ ਤੇ ਸਾਹਿਤ ਦੇ ਸਬੰਧ ਹਮੇਸ਼ਾ ਨਾਲ ਨਾਲ ਚਲਦੇ ਰਹੇ ਹਨ। ਜੀਵਨ ਤਾਂ ਸਾਗਰ ਹੈ। ਉਸ ਵਿੱਚੋਂ ਨਿਕਲੀਆਂ ਲਹਿਰਾਂ ਕੋਈ ਪਾਰ ਨਹੀਂ ਕਰ ਸਕਦਾ, ਸਾਹਿਤ ਵਿਚ ਇਹੀ ਮਹੱਤਵਪੂਰਨ ਹੈ। ਕੁਝ ਵੱਡੇ ਲੇਖਕ ਬਹੁਤ ਅੰਦਰ ਤੱਕ, ਡੂੰਘਾਈ ਵਿਚ ਜਾ ਕੇ, ਮੋਤੀ ਵੀ ਲੱਭ ਲੈਂਦੇ ਹਨ, ਪਰ ਮੇਰੇ ਵਰਗੇ ਸਾਧਾਰਨ ਲੋਕ ਤਾਂ ਕਿਨਾਰੇ ਤੱਕ ਲਹਿਰਾਂ ਸੰਗ ਤੈਰ ਕੇ ਆਈਆਂ ਕੁਝ ਸਿੱਪੀਆਂ, ਘੋਗੇ ਹੀ ਚੁਣ ਸਕਦੇ ਹਨ। ਆਪਣੀ ਆਪਣੀ ਸਮਰੱਥਾ ਹੈ, ਕਦੇ ਕੋਈ ਚੂਹਾ ਹਾਥੀ ਨਹੀਂ ਬਣ ਸਕਦਾ। ਜੇਕਰ ਆਪਣੀ ਤਾਕਤ, ਸਮਰੱਥਾ ਕੋਈ ਸਮਝ ਸਕੇ ਤਾਂ ਜੋ ਵੀ ਸਕੇ ਉਸੇ 'ਤੇ ਸੰਤੁਸ਼ਟੀ ਹੁੰਦੀ ਹੈ।




ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!


ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

826 ਅਕਾਲ ਪੁਰਖ ਨੇ ਅੰਮ੍ਰਿਤ ਬਖ਼ਸ਼ਿਆ ਜੋ, ਸਿੱਖ ਛਕ ਕੇ ਹੋਏ ਦਲੇਰ ਸਿੰਘੋ।
ਲੁਕ ਛਿਪ ਕੇ ਵਕਤ ਲੰਘਾਵੰਦੇ ਸੀ, ਹੋਏ ਸਹੇ ਤੋਂ ਬੱਬਰ ਸ਼ੇਰ ਸਿੰਘੋ।
ਸ਼ਹਿਨਸ਼ਾਹੀ ਕੰਬਨ ਲਾ ਦਿੱਤੀ, ਮੂੰਹ ਦਿੱਤਾ ਵੈਰੀ ਦਾ ਫੇਰ ਸਿੰਘੋ।
ਘੋੜੇ-ਘੋੜੀਆਂ ਰੱਖੋ ਹਥਿਆਰ ਕੋਲੇ, ਲੋੜ ਪਏ ਨਾ, ਲਾਇਓ ਦੇਰ ਸਿੰਘੋ॥

827 ਗਿਣਤੀ ਭਾਵੇਂ ਬਹੁਤ ਹੈ ਵੈਰੀਆਂ ਦੀ, ਪਰ ਅਸੀਂ ਵੀ ਮੂਲ ਨਾ ਘੱਟ ਭਾਈ।
ਇਕ ਛੈਣੀ ਕੱਟੇ ਸੌ ਸਰੀਏ, ਜਦ ਪਏ ਬਦਾਨ ਦੀ ਸੱਟ ਭਾਈ।
ਸਦਾ ਬੈਠ ਨਹੀਂ ਰਹਿਣਾ ਜਹਾਨ ਉਤੇ, ਜਾਨ ਲੈਣੀ ਹੈ ਮੌਤ ਨੇ ਚੱਟ ਭਾਈ।
ਹਰਚੰਦ ਸਿੰਘਾ ਨਿੱਕਾ ਜਾ ਇਕ ਬੱਟਾ, ਭੰਨ ਦੇਵੇ ਹਜ਼ਾਰਾਂ ਮੱਟ ਭਾਈ॥

828 ਹਿੰਦੂ ਪਹਾੜੀ ਰਾਜਿਆਂ ਨੇ, ਵੈਰ ਸਾਡੇ ਨਾਲ ਹੀ ਪਾਇਆ ਏ।
ਸਾਡੇ ਪਿਤਾ ਨੇ ਆਪਣਾ ਸੀਸ ਦੇ ਕੇ, ਧਰਮ ਇਨ੍ਹਾਂ ਦਾ ਦੇਖੋ ਬਚਾਇਆ ਏ।
ਇਨ੍ਹਾਂ ਉਤੇ ਜਦ ਵੀ ਭੀੜ ਪਈ, ਖ਼ੂਨ ਆਪਣਾ ਅਸੀਂ ਬਹਾਇਆ ਏ।
ਹਿੰਦੂ ਹੋ ਕੇ ਹਿੰਦ ਦੇ ਨਾਲ ਇਨ੍ਹਾਂ, ਹਰਚੰਦ ਸਿੰਘਾ ਦਗਾ ਕਮਾਇਆ ਏ॥

### ਭਾਈ ਡੱਲਾ

829 ਬਚਨ ਸੁਣ ਗੁਰਾਂ ਦੇ ਭਾਈ ਡੱਲਾ, ਕਹਿੰਦਾ ਸਾਨੂੰ ਤੇ ਖਬਰ ਪੁਚਾ ਦੇਂਦੇ।
ਸੱਚੇ ਪਾਤਿਸ਼ਾਹ ਆਪਦੇ ਲਈ ਅਸੀਂ, ਜਿੰਦਾਂ ਆਪਣੀਆਂ ਆਣਕੇ ਲਾ ਦੇਂਦੇ।
ਕੱਠੇ ਕਰ ਬਰਾੜਾਂ ਦੇ ਛੈਲ ਬਾਂਕੇ, ਸਿਰ ਵੈਰੀਆਂ ਦੇ ਅਸੀਂ ਲਾਹ ਦੇਂਦੇ।
ਹਰਚੰਦ ਸਿੰਘਾ ਅਸੀਂ ਪਹਾੜੀਆਂ ਨੂੰ, ਧੋ ਧੋ ਕੇ ਸੁੱਕਣੇ ਪਾ ਦੇਂਦੇ॥

### ਗੁਰੂ ਜੀ

830 ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੇ, ਬੜੇ ਔਖੇ ਬੋਲ ਪੁਗਾਵਣੇ ਨੇ।
ਭਾਈ ਡੱਲਿਆ ਜਿਨ੍ਹਾਂ ਤੇ ਮਾਨ ਤੈਨੂੰ, ਤੇਰੇ ਗੱਭਰੂ ਪਰਖੇ ਜਾਵਣੇ ਨੇ।
ਖੁਰ ਜਾਣ ਨਾ ਵਾਂਙ ਪਤਾਸ਼ਿਆਂ ਦੇ, ਜਦ ਪਾਣੀ ਦੇ ਵਿੱਚ ਇਹ ਪਾਵਣੇ ਨੇ।
ਸਮਾਂ ਲੱਗਿਆ ਅਗਰ ਹਰਚੰਦ ਸਿੰਘਾ, ਅਸੀਂ ਗੱਭਰੂ ਤੇਰੇ ਅਜਮਾਵਣੇ ਨੇ॥

### ਭਾਈ ਡੱਲਾ

831 ਡੱਲਾ ਆਖਦਾ ਗੁਰੂ ਜੀ ਮਾਣ ਮੈਨੂੰ, ਮੇਰਾ ਕਿਹਾ ਕੋਈ ਵੀ ਮੋੜਦਾ ਨਹੀਂ।
ਮਿਟ ਜਾਣਗੇ ਵਿਚ ਮੈਦਾਨ ਸਾਰੇ, ਜਿਊਂਦੇ ਜੀ ਖੇਤ ਕੋਈ ਛੋਡਦਾ ਨਹੀਂ।
ਫੱਟ ਹੋਣਗੇ ਸੀਨਿਆਂ ਵਿਚ ਲੱਗੇ, ਕੋਈ ਡਰ ਕੇ ਪਿੱਠ ਮਰੋੜਦਾ ਨਹੀਂ।
ਹਰਚੰਦ ਸਿੰਘਾ ਬਰਾੜਾਂ ਦੀ ਕੌਮ ਅਣਖੀ, ਮੱਥਾ ਸਾਡੇ ਨਾਲ ਕੋਈ ਜੋੜਦਾ ਨਹੀਂ॥

832 ਸਰੂਆਂ ਵਾਂਙ ਨੇ ਇਨ੍ਹਾਂ ਦੇ ਕੱਦ ਦਾਤਾ, ਪਰਬਤ ਜੈਸੀਆਂ ਛਾਤੀਆਂ ਚੌੜੀਆਂ ਨੇ।
ਪੈਣ ਛੱਲੀਆਂ ਬੱਜਰ ਡੌਲਿਆਂ ਤੇ, ਭਰ ਖਾਂਦੇ ਘਿਉ ਦੀਆਂ ਤੌੜੀਆਂ ਨੇ।
ਚੱਕਣ ਮੁਧਕਰਾਂ ਕਰਨ ਭਲਵਾਨੀਆਂ ਇਹ, ਭਜਾਉਣ ਜ਼ਿੱਦ ਕੇ ਘੋੜੇ ਘੋੜੀਆਂ ਨੇ।
ਛਾਲ ਮਾਰ ਕੇ ਛੱਤਾਂ ਤੇ ਜਾ ਚੜ੍ਹਦੇ, ਹਰਚੰਦ ਸਿੰਘਾ ਨਾ ਲਾਵੰਦੇ ਪੌੜੀਆਂ ਨੇ॥

833 ਨਾਲ ਜ਼ੋਰ ਦੇ ਨੇਜ਼ੇ ਚਲਾਉਣ ਜਦੋਂ, ਲਾ ਦੇਂਵਦੇਂ ਬੱਦਲਾਂ ਨਾਲ ਦਾਤਾ।
ਚੀਤੇ ਵਾਂਙ ਦੌੜਦੇ ਤਾਨ ਲਾ ਕੇ, ਵੀਹ ਹੱਥ ਤੇ ਮਾਰਦੇ ਛਾਲ ਦਾਤਾ।
ਸਿੰਗੋਂ ਫੜ ਕੇ ਸਾਨ੍ਹ ਖਲਾਰ ਲੈਂਦੇ, ਹੋਰ ਕਰਦੇ ਬੜੇ ਕਮਾਲ ਦਾਤਾ।
ਜਿੰਦ ਸੱਜਣਾਂ ਲਈ ਇਹ ਵਾਰ ਦੇਂਦੇ, ਵੈਰੀ ਵਾਸਤੇ ਹਨ ਇਹ ਕਾਲ ਦਾਤਾ॥

### ਗੁਰੂ ਜੀ

834 ਕਹਿੰਦੇ ਗੁਰੂ ਜੀ ਡੱਲਿਆ ਸੱਚ ਆਖੇਂ, ਤੇਰੇ ਗੱਭਰੂ ਨਿਰੇ ਸਾਰ ਦੇ ਨੇ।
ਕੱਚਾ ਲੋਹਾ ਫਿਰ ਵੀ ਮੁੜ ਜਾਂਦਾ, ਜਦ ਉਸਨੂੰ ਪੱਥਰ ਤੇ ਮਾਰਦੇ ਨੇ।
ਤਨ ਨਾਲੋਂ ਤਕੜਾ ਮਨ ਹੁੰਦਾ, ਬਿਨਾਂ ਹੌਸਲੇ ਜ਼ੋਰ ਵੀ ਹਾਰਦੇ ਨੇ।
ਲੋਹਾ ਲੋਹੇ ਨੂੰ ਕੱਟੇ ਹਰਚੰਦ ਸਿੰਘਾ, ਪਾਨ ਜਿਸ ਨੂੰ ਕਾਰੀਗਰ ਚਾੜ੍ਹਦੇ ਨੇ॥

835 ਕੱਚਾ ਲੋਹਾ ਨੇ ਅਜੇ ਜਵਾਨ ਤੇਰੇ, ਕਰੇਂ ਜਿਨ੍ਹਾਂ ਤੇ ਇਤਨਾ ਮਾਣ ਭਾਈ।
ਇੱਟਾਂ ਕੱਚੀਆਂ ਭਿੱਜ ਕੇ ਹੋਣ ਗਾਰਾ, ਜਿੰਨਾ ਚਿਰ ਨਾ ਭੱਠੇ ਵਿਚ ਪਾਣ ਭਾਈ।
ਇਸੇ ਤਰ੍ਹਾਂ ਤੇਰੇ ਚੋਬਰਾਂ ਨੇ ਅਜੇ ਕੀਤਾ ਨਹੀਂ ਅੰਮ੍ਰਿਤ ਪਾਨ ਭਾਈ।
ਹਰਚੰਦ ਸਿੰਘਾ ਸਿਪਾਹੀ ਤਾਂ ਹੈਨ ਇਹੇ, ਪਰ ਯੋਧੇ ਨਾ ਅਜੇ ਤੂੰ ਜਾਣ ਭਾਈ॥

### ਭਾਈ ਡੱਲਾ

836 ਭਾਈ ਡੱਲਾ ਗੁਰਾਂ ਨੂੰ ਅਰਜ ਕਰਦਾ, ਗੱਲਾਂ ਥੋਡੀਆਂ ਸਮਝ ਨਾ ਆਈਆਂ ਜੀ।
ਅਸੀਂ ਲੋਕ ਜੰਗਲੀ ਰਹਿਣ ਵਾਲੇ, ਨਹੀਂ ਕੀਤੀਆਂ ਅਸੀਂ ਪੜ੍ਹਾਈਆਂ ਜੀ।
ਸਿੱਧੀ ਗੱਲ ਹੀ ਖਾਨੇ ਵਿਚ ਪੈਂਦੀ, ਨਹੀਂ ਆਉਂਦੀਆਂ ਸਾਨੂੰ ਚਤਰਾਈਆਂ ਜੀ।
ਤੁਸੀਂ ਤਾਰੇ ਅਸਮਾਨੀ ਰਹਿਣ ਵਾਲੇ, ਅਸੀਂ ਮਿੱਟੀ ਦੇ ਮਾਧੋ ਸਾਂਈਆਂ ਜੀ॥

837 ਕੀ ਚਾਹੁੰਦੇ ਕਰ ਦਿਖਾਓ ਮੈਨੂੰ, ਫਿਰ ਹੋਵੇ ਕੁੱਝ ਗਿਆਨ ਦਾਤਾ।
ਤਲਵਾਰ ਤੇ ਧਾਰ ਦਾ ਗਿਆਨ ਨਾ ਹੀ, ਜਿੰਨ੍ਹਾਂ ਚਿਰ ਉਹ ਵਿੱਚ ਮਿਆਨ ਦਾਤਾ।
ਸਾਡੇ ਲਈ ਤੇ ਇੱਕੋ ਸਭ ਸਿੱਕੇ, ਖਰੇ ਖੋਟੇ ਦੀ ਨਹੀਂ ਪਛਾਣ ਦਾਤਾ।
ਇਹ ਡੱਲਾ ਨਿਰਾ ਹਰਚੰਦ ਜੈਸਾ, ਤੇ ਤੁਸੀਂ ਤੇ ਹੋਏ ਭਗਵਾਨ ਦਾਤਾ॥

### ਕਵੀਓ ਵਾਚ

838 ਸਿੱਧੇ, ਸਾਦੇ ਤੇ ਸੱਚੇ ਸ਼ਬਦ ਸੁਣ ਕੇ, ਸੱਚੇ ਪਾਤਿਸ਼ਾਹ ਅੱਗੋਂ ਮੁਸਕਰਾਉਣ ਲੱਗੇ।
ਪੂਰਬ ਪਾਸਿਉਂ ਗੁਰੂ ਦਰਸ਼ਨਾਂ ਨੂੰ, ਕੁੱਝ ਲੋਕ ਸੀ ਉਥੇ ਆਉਣ ਲੱਗੇ।
ਭੇਟਾਂ ਆਪਣੀਆਂ ਗੁਰਾਂ ਦੇ ਰੱਖ ਅੱਗੇ, ਮੱਥੇ ਚਰਨਾਂ ਉਤੇ ਲਗਾਉਣ ਲੱਗੇ।
ਹਰਚੰਦ ਸਿੰਘਾ ਆਈਆਂ ਸੰਗਤਾਂ ਨੂੰ, ਸੇਵਕ ਪਿਆਰ ਦੇ ਨਾਲ ਬਹਾਉਣ ਲੱਗੇ॥

839 ਨਾਲ ਹੀ ਇਨ੍ਹਾਂ ਸੰਗਤਾਂ ਦੇ, ਇਕ ਸਿੱਖ ਹੋਰ ਵੀ ਆਇਆ ਏ।
ਕਾਰੀਗਰ ਉਹ ਪਹਿਲੇ ਦਰਜੇ ਦਾ, ਬੜੀ ਸੁਹਣੀ ਰਫਲ ਲਿਆਇਆ ਏ।
ਸਤਿਗੁਰਾਂ ਨੂੰ ਕੀਤੀ ਭੇਂਟ ਆ ਕੇ, ਹੁਨਰ ਆਪਣਾ ਆਣ ਵਿਖਾਇਆ ਏ।
ਕਿਵੇਂ ਚਲਦੀ ਤੇ ਕਿੰਨ੍ਹੀਂ ਮਾਰ ਕਰਦੀ, ਗੁਰੂ ਜੀ ਨੂੰ ਸਭ ਦਿਖਾਇਆ ਏ॥

### ਗੁਰੂ ਜੀ

840 ਕਹਿੰਦੇ ਗੁਰੂ ਜੀ ਸਿਪਾਹੀਆਂ ਤੇ ਸਸਤਰਾਂ ਨੂੰ, ਪਹਿਲਾਂ ਯੁੱਧ ਤੋਂ ਲਈਏ ਪਰਖ ਸਿੰਘੋ।
ਪਤਾ ਕਰ ਲਈਏ ਇਨ੍ਹਾਂ ਦੀ ਯੋਗਤਾ ਕੀ, ਪਿੱਛੋਂ ਚੰਗਾ ਨਹੀਂ ਕਰਨਾ ਹਰਖ ਸਿੰਘੋ।
ਲੋੜ ਵੇਲੇ ਬੰਦੂਕ ਨਾ ਮਿਸ ਮਾਰੇ, ਅਤੇ ਸਿਪਾਹੀ ਜਾਏ ਨਾ ਜਰਕ ਸਿੰਘੋ।
ਹਰਚੰਦ ਸਿੰਘਾ ਜੰਗੇ-ਮੈਦਾਨ ਵਿਚ, ਫਿਰ ਕੁੱਦੀਏ ਹੋ ਨਿਧੱੜਕ ਸਿੰਘੋ॥

841 ਗੁਰਾਂ ਆਖਿਆ ਤੀਜੇ ਪਹਿਰ ਅਸਾਂ, ਇਸ ਬੰਦੂਕ ਨੂੰ ਅੱਜ ਅਜ਼ਮਾਵਣਾ ਏ।
ਕਿੰਨੀ ਦੂਰ ਤੋਂ ਬੰਦਾ ਮਾਰ ਦੇਂਦੀ, ਅੱਜ ਅਸਾਂ ਨਿਸ਼ਾਨਾ ਲਾਵਣਾ ਏ।
ਭਾਈ ਡੱਲਿਆ ਇਕ ਜਵਾਨ ਆਪਣਾ, ਤੁਸਾਂ ਪਰਖ ਦੇ ਲਈ ਲਿਆਵਣਾ ਏ।
ਹਰਚੰਦ ਸਿੰਘਾ ਦੋਹਾਂ ਦੀ ਪਰਖ ਕਰਕੇ, ਅਸਾਂ ਆਪਣਾ ਭਰਮ ਮਿਟਾਵਣਾ ਏ॥

### ਭਾਈ ਡੱਲੇ ਨੇ ਪੜਤਾਲ ਕਰਨੀ

842 ਇਹ ਆਖ ਦਿਵਾਨ 'ਚੋਂ ਉਠ ਚੱਲੇ, ਸਤਿਗੁਰ ਰਫਲ ਵੀ ਲੈ ਗਏ ਨਾਲ ਸਿੰਘੋ।
ਭਾਈ ਡੱਲਾ ਗੁਰਾਂ ਦੇ ਸ਼ਬਦ ਸੁਣ ਕੇ, ਹੋਇਆ ਫਿਕਰਾਂ ਵਿਚ ਬੇ-ਹਾਲ ਸਿੰਘੋ।
ਕੋਈ ਗੱਭਰੂ ਹਾਂ ਨਾ ਕਰੇ ਉਸਨੂੰ, ਉਹੋ ਥੱਕਿਆ ਸਭ ਨੂੰ ਭਾਲ ਸਿੰਘੋ।
ਲਾਲਚ ਕੀਤੇ ਬੜੇ ਹਰਚੰਦ ਸਿੰਘਾ, ਪੂਰਾ ਕੀਤਾ ਨਾ ਕਿਸੇ ਸਵਾਲ ਸਿੰਘੋ॥

### ਡੱਲੇ ਦੇ ਲੋਕਾਂ ਦਾ ਕਹਿਣਾ

843 ਅਸੀਂ ਚੌਧਰੀ ਸੇਵਕ ਆਪਦੇ ਹਾਂ, ਨਿੱਤ ਤੇਰਾ ਦਿੱਤਾ ਖਾਂਵਦੇ ਹਾਂ।
ਜਦ ਕਹੇ ਤੇਰੇ ਨਾਲ ਚੜੀਏ, ਜਿੰਦ ਤੇਰੇ ਤੋਂ ਘੋਲ ਘੁਮਾਂਵਦੇ ਹਾਂ।
ਵੈਰੀ ਵੇਖ ਕੇ ਸ਼ੇਰ ਦੇ ਵਾਂਙ ਪਈਏ, ਮਰਨੋਂ ਮੂਲ ਨਾ ਅਸੀਂ ਘਬਰਾਂਵਦੇ ਹਾਂ।
ਸਿੱਕਾ ਮੰਨਦੇ ਲੋਕ ਹਰਚੰਦ ਸਿੰਘਾ, ਅਸੀਂ ਜੰਗਲ ਦੇ ਸ਼ੇਰ ਅਖਵਾਂਵਦੇ ਹਾਂ॥

(ਬਾਕੀ ਅਗਲ ਅੰਕ ਵਿਚ)

49 YEARS OF EXCELLENCE 1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
Ashok
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Perry
SURREY / DELTA
8385 - 120th Street
604-572-8788
Monday to Saturday
9:00-5:30
Sunday Closed
Butch
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਲੜਕਾ, ਉਮਰ 29 ਸਾਲ, ਕੱਦ 5'8", ਨਸ਼ਿਆਂ ਤੋਂ ਰਹਿਤ, ਸ਼ਾਕਾਹਾਰੀ ਇਲੈਕਟ੍ਰੋਨਿਕ ਇੰਜਨੀਅਰ ਦੀ ਡਿਗਰੀ ਪ੍ਰਾਪਤ, ਅਮਰੀਕਾ ਵਿਚ ਇੰਟਰਨੈਸ਼ਨਲ ਕੰਪਨੀ ਵਿਚ ਆਪਣੇ ਫੀਲਡ ਵਿਚ ਕੰਮ ਕਰ ਰਹੇ ਲੜਕੇ ਲਈ ਸੋਹਣੀ-ਸੁਨੱਖੀ, ਬਰਾਬਰ ਯੋਗਤਾ ਵਾਲੀ ਲੜਕੀ ਦੀ ਲੋੜ ਹੈ। ਸੰਪਰਕ: 778-564-1556

feb 12

ਕੈਨੇਡੀਅਨ ਪੀ.ਆਰ. ਜੱਟ ਸਿੱਖ ਬਰਾੜ ਲੜਕਾ, ਉਮਰ 29 ਸਾਲ, ਕੱਦ 5'11", ਲਈ ਕੈਨੇਡੀਅਨ ਪੀ.ਆਰ., ਵਰਕ ਪਰਮਿਟ ਹੋਲਡਰ, ਸਟੂਡੈਂਟ (ਜੋ ਫੈਮਿਲੀ ਵਿਚ ਰਹਿੰਦੀ ਹੋਵੇ) ਲੜਕੀ ਦੀ ਲੋੜ ਹੈ। ਲੜਕੀ ਦੀ ਉਮਰ 24 ਤੋਂ 28 ਸਾਲ ਹੋਵੇ। ਸੰਪਰਕ ਕਰੋ- 778-680-2590

jan 22

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-778-551-1800

feb 12

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

### ਲੜਕੇ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 01

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01

### ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ 1 ਫਰਵਰੀ ਤੋਂ ਕਿਰਾਏ ਲਈ ਉਪਲਬਧ ਹੈ ।ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ।ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ ।ਕੋਈ ਪਾਲਤੂ ਜਾਨਵਰ ਨਹੀਂ।ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

ਪੰਜਾਬੀ ਮਾਰਕੀਟ ਵੈਨਕੂਵਰ ਦੇ ਐਨ ਵਿਚਕਾਰ 2 ਬੈਂਡਰੂਮ ਹਾਊਸ ਕਿਰਾਏ ਲਈ ਖਾਲੀ ਹੈ। ਲਗਾਂਰਾ ਕਾਲਜ ਅਤੇ ਕੈਨੇਡਾ ਲਾਈਨ ਸਕਾਈਟਰੇਨ ਦੇ ਨਜ਼ਦੀਕ। ਡਾਊਨਟਾਊਨ ਲਈ ਸਿੱਧੀ ਬੱਸ। ਪਾਲਤੂ ਜਾਨਵਰ ਅਤੇ ਸਮੋਕਿੰਗ ਦੀ ਮਨਾਹੀ।ਸੰਪਰਕ : 604-377-4085

27 feb

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

# 2022 ਦੌਰਾਨ, ਕੀ ਹੋਣਗੇ ਸ਼ੋਸ਼ਲ ਮੀਡੀਆ ਦੇ ਰੁਝਾਨ ?






ਪ੍ਰੋ: ਕੁਲਬੀਰ ਸਿੰਘ
9417153513

ਸਹੂਲਤਾਂ, ਖਤਰਿਆਂ ਤੇ ਉਮੀਦਾਂ ਦਰਮਿਆਨ ਸ਼ੋਸ਼ਲ ਮੀਡੀਆ ਦੁਨੀਆਂਭਰ ਵਿਚ ਆਪਣੀ ਪਹੁੰਚ ਤੇ ਪਕੜ ਮਜ਼ਬੂਤ ਕਰਦਾ ਜਾ ਰਿਹਾ ਹੈ। ਡਿਜ਼ੀਟਲ ਮੀਡੀਆ ਏਨਾਂ ਵਿਸ਼ਾਲ, ਏਨਾਂ ਪ੍ਰਭਾਵਸ਼ਾਲੀ ਕਦੇ ਵੀ ਨਹੀਂ ਸੀ ਜਿੰਨਾ ਅੱਜ ਦੇ ਰੋਜ਼ਾਨਾ ਜੀਵਨ ਵਿਚ ਹੋ ਗਿਆ ਹੈ। ਕਾਰੋਬਾਰੀ ਤਬਕਾ ਅਤੇ ਸਿਆਸਤਦਾਨ ਲੋਕਾਂ ਤੱਕ ਸਿੱਧੀ ਪਹੁੰਚ ਬਨਾਉਣ ਲਈ ਸ਼ੋਸ਼ਲ ਮੀਡੀਆ ਦੀ ਵਰਤੋਂ ਵਧਾ ਰਹੇ ਹਨ। ਜਿਹੜੇ ਬਰੈਂਡ, ਜਿਹੜੀਆਂ ਕੰਪਨੀਆਂ ਸ਼ੋਸ਼ਲ ਮੀਡੀਆ ਦੁਆਰਾ ਅਪਣਾਈਆਂ ਜਾ ਰਹੀਆਂ ਬਜ਼ਾਰੀ-ਜੁਗਤਾਂ ਦਾ ਇਸਤੇਮਾਲ ਨਹੀਂ ਕਰਦੀਆਂ ਉਹ ਪਛੜਦੀਆਂ ਜਾ ਰਹੀਆਂ ਹਨ। ਇਹ ਰੋਜ਼ਾਨਾਂ ਜੀਵਨ ਦਾ ਅਨਿੱਖੜਵਾਂ ਹਿੱਸਾ ਬਣ ਗਿਆ ਹੈ। ਕੁਝ ਘੰਟਿਆਂ ਲਈ ਸਰਵਰ ਡਾਊਨ ਹੋ ਜਾਏ ਜਾਂ ਇੰਟਰਨੈਟ ਦੀ ਸਹੂਲਤ ਉਪਲਬਧ ਨਾ ਹੋਵੇ ਜਾਂ ਵਾਈਡਾਈ ਨਾ ਚੱਲੇ ਤਾਂ ਇਉਂ ਲੱਗਦਾ ਹੈ ਜਿਵੇਂ ਜ਼ਿੰਦਗੀ ਖੜੋ ਗਈ ਹੈ। ਸਾਰੇ ਕੰਮ ਰੁਕ ਜਾਂਦੇ ਹਨ। ਹਰ ਕੋਈ ਪ੍ਰੇਸ਼ਾਨ ਹੋ ਜਾਂਦਾ ਹੈ। ਸ਼ੋਸ਼ਲ ਮੀਡੀਆ ਕਈ ਤਰ੍ਹਾਂ ਦੀਆਂ ਮਨ-ਮਾਨੀਆਂ ਕਰਦਾ ਹੈ, ਭਵਿੱਖ ਵਿਚ ਇਸਦੇ ਬਹੁਤ ਸਾਰੇ ਰਾਜ਼ ਖੁਲ੍ਹਣ ਵਾਲੇ ਹਨ। ਫੇਸਬੁੱਕ ਦਾ ਇਕ ਉੱਚ-ਅਧਿਕਾਰੀ ਫੇਸਬੁੱਕ ਨਾਲੋਂ ਵੱਖ ਹੋ ਕੇ, ਅਮਰੀਕਾ ਕਾਂਗਰਸ ਨਾਲ ਮਿਲ ਕੇ ਸ਼ੋਸ਼ਲ ਮੀਡੀਆ 'ਤੇ ਲਾਗੂ ਹੋਣ ਵਾਲੀ ਇਕ ਸਖ਼ਤ ਤੇ ਪਾਰਦਰਸ਼ੀ ਕਾਨੂੰਨ ਬਨਾਉਣ ਵਿਚ ਰੁੱਝਾ ਹੋਇਆ ਹੈ। ਉਸਦਾ ਕਹਿਣਾ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੋਸ਼ਲ ਮੀਡੀਆ ਦੇ ਦੁਰ-ਪ੍ਰਭਾਵਾਂ ਤੋਂ ਬਚਾਉਣ ਲਈ ਇਸ 'ਤੇ ਲਗਾਮ ਲਾਉਣੀ ਬਹੁਤ ਜ਼ਰੂਰੀ ਹੈ। ਦੂਸਰੇ ਪਾਸੇ ਸ਼ੋਸ਼ਲ ਮੀਡੀਆ ਬਾਜ਼ਾਰ ਦੇ ਮਾਹਿਰਾਂ ਦਾ ਮੰਨਣਾ ਹੈ ਕਿ 2022 ਦੌਰਾਨ ਟਿਕਟਾਕ ਵਧੇਰੇ ਚਰਚਿਤ ਹੋਵੇਗਾ ਨਤੀਜੇ ਵਜੋਂ ਛੋਟੀ ਵੀਡੀਓ ਦਾ ਰੁਝਾਨ ਵਧੇਗਾ। ਬੀਤੇ ਇਕ ਦੋ ਸਾਲਾਂ ਦੌਰਾਨ ਟਿਕਟਾਕ ਨੇ ਕਈ ਕੁਝ ਨਵਾਂ ਸ਼ਾਮਲ ਕੀਤਾ ਹੈ ਜਿਹੜਾ ਸਿੱਧੇ ਤੌਰ 'ਤੇ ਇਸ਼ਤਿਹਾਰਬਾਜ਼ੀ ਅਤੇ ਕਾਰੋਬਾਰ ਨਾਲ ਜੁੜਿਆ ਹੈ। ਇਸ਼ਤਿਹਾਰਬਾਜ਼ੀ ਲਈ ਛੋਟੇ ਨੈਟਵਰਕ ਵਧੇਰੇ ਕਾਰਗਰ, ਵਧੇਰੇ ਮਕਬੂਲ ਹੋਣਗੇ। ਆਉਂਦੇ ਕੁਝ ਸਾਲਾਂ ਦੌਰਾਨ ਸ਼ੋਸ਼ਲ ਮੀਡੀਆ ਉਦਯੋਗ 800 ਕਰੋੜ ਡਾਲਰ ਦਾ ਅੰਕੜਾ ਪਾਰ ਕਰ ਜਾਵੇਗਾ। ਸ਼ੋਸ਼ਲ ਮੀਡੀਆ ਕੰਪਨੀਆਂ ਦਾ ਨਿਸ਼ਾਨਾ ਨਵੇਂ ਲੋਕਾਂ ਤੱਕ ਪਹੁੰਚ ਬਨਾਉਣਾ ਰਹੇਗਾ। ਕੇਵਲ ਇਸ਼ਤਿਹਾਰਬਾਜ਼ੀ ਲਈ ਨਹੀਂ ਬਲਕਿ ਇਕ ਰਿਸ਼ਤਾ, ਇਕ ਸਾਂਝ ਉਸਾਰਨ ਦੀ ਕੋਸ਼ਿਸ਼ ਹੋਵੇਗੀ। ਸਾਲ 2022 ਦੌਰਾਨ ਵੀਡੀ? ਸਮੱਗਰੀ ਦਾ ਬੋਲਬਾਲਾ ਰਹੇਗਾ। ਇਕ ਸਰਵੇ ਦੌਰਾਨ ਸਾਹਮਣੇ ਆਇਆ ਕਿ 2022 ਵਿਚ 82 ਪ੍ਰਤੀਸ਼ਤ ਸਮੱਗਰੀ ਵੀਡੀ? ਦੇ ਰੂਪ ਵਿਚ ਹੋਵੇਗੀ। ਸ਼ੋਸ਼ਲ ਮੀਡੀਆ 'ਤੇ ਪ੍ਰਸੰਗਕ ਬਣ ਰਹਿਣ ਲਈ ਇਸ ਦਿਸ਼ਾ ਵਿਚ ਅੱਗੇ ਵਧਣ ਦੀ ਲੋੜ ਹੋਵੇਗੀ। ਇਸੇ ਤਰ੍ਹਾਂ ਆਡੀ?-ਸਮੱਗਰੀ ਦਾ ਰੁਝਾਨ ਵੀ ਤੇਜ਼ੀ ਨਾਲ ਵਧੇਗਾ। ਨੇੜ-ਭਵਿੱਖ ਵਿਚ ਸ਼ੋਸ਼ਲ ਮੀਡੀਆ 'ਤੇ ਪੇਡ ਇਸ਼ਤਿਹਾਰਬਾਜ਼ੀ ਸਮੇਂ ਦੀ ਲੋੜ ਬਣ ਜਾਵੇਗੀ। ਇਕ ਸਰਵੇ ਅਨੁਸਾਰ ਫੇਸਬੁੱਕ ਪੋਸਟ ਕੇਵਲ 5 ਫ਼ੀਸਦੀ ਲੋਕਾਂ ਤੱਕ ਪਹੁੰਚਦੀ ਹੈ। ਇਸ ਲਈ ਕੰਪਨੀਆਂ ਦਾ ਪੇਡ-ਇਸ਼ਤਿਹਾਰਬਾਜ਼ੀ ਵੱਲ ਵਧਣਾ ਮਜ਼ਬੂਰੀ ਬਣ ਜਾਵੇਗਾ। 2022 ਵਿਚ ਸ਼ੋਸ਼ਲ ਮੀਡੀਆ ਦੀ ਜਵਾਬਦੇਹੀ ਲਈ ਜ਼ੋਰਦਾਰ ਆਵਾਜ਼ ਉਠੇਗੀ। ਵਿਸ਼ਵ ਪੱਧਰ 'ਤੇ ਸ਼ੋਸ਼ਲ ਮੀਡੀਆ ਦੀਆਂ ਆਪ-ਹੁਦਰੀਆਂ ਅਤੇ ਇਸਦੀ ਦੁਰਵਰਤੋਂ ਬਰਦਾਸ਼ਤ ਤੋਂ ਬਾਹਰ ਹੋ ਜਾਵੇਗੀ। ਨਤੀਜੇ ਵਜੋਂ ਸਰਕਾਰਾਂ ਸਖ਼ਤ ਕਾਨੂੰਨ ਬਨਾਉਣ ਲਈ ਮਜ਼ਬੂਰ ਹੋ ਜਾਣਗੀਆਂ ਅਤੇ ਲੋਕਾਂ ਨੂੰ ਨਿੱਜਤਾ ਦੀ ਚਿੰਤਾ ਵਧੇਰੇ ਸਤਾਉਣ ਲੱਗੇਗੀ। ਡਿਜ਼ੀਟਲ ਮੀਡੀਆ ਦੇ ਖੇਤਰ ਵਿਚ ਨੌਕਰੀਆਂ ਦੀ ਭਰਮਾਰ ਹੋਵੇਗੀ। ਮੁਹਾਰਤ ਵਾਲੇ ਨੌਜਵਾਨਾਂ ਨੂੰ ਬੇਸ਼ਮਾਰ ਮੌਕੇ ਮਿਲਣਗੇ। ਕੰਪਨੀਆਂ ਖੁਸ਼ੀ ਨਾਲ ਚੰਗੇ ਪੈਕੇਜ ਦੇਣਗੀਆਂ। ਫੇਸਬੁੱਕ ਕਿਤੇ ਨਹੀਂ ਜਾਵੇਗਾ। ਭਾਵੇਂ ਇਸਦਾ ਨਾਂ ਬਦਲ ਕੇ ਮੇਟਾ ਰੱਖਣ ਦੀ ਘੋਸ਼ਨਾ ਹੋ ਚੁੱਕੀ ਹੈ। ਮੇਟਾ ਗ੍ਰੀਕ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੱਦ ਤੋਂ ਪਾਰ ਹੁੰਦਾ ਹੈ। ਹੱਦ ਤਾਂ ਫੇਸਬੁੱਕ ਪਹਿਲਾਂ ਹੀ ਕਰ ਰਿਹਾ ਹੈ, ਹੁਣ ਹੱਦ ਤੋਂ ਪਾਰ ਜਾਣ ਦਾ ਪ੍ਰੋਗਰਾਮ ਹੈ। ਫੇਸਬੁੱਕ ਦਾ ਨਾਂ ਬਦਲ ਕੇ ਮੇਟਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਸ਼ੋਸ਼ਲ ਮੀਡੀਆ ਪਲੇਟ ਫ਼ਾਰਮ ਨੂੰ ਇਸ ਤੋਂ ਬਹੁਤ ਅੱਗੇ ਇਕ ਕਾਲਪਨਿਕ ਦੁਨੀਆਂ ਵਿਚ ਲੈ ਜਾਇਆ ਜਾ ਸਕੇ। ਸ਼ੋਸ਼ਲ ਮੀਡੀਆ ਤੇਜ਼ੀ ਨਾਲ ਬਦਲ ਰਿਹਾ ਹੈ। ਵੱਖ-ਵੱਖ ਸ਼ੋਸ਼ਲ ਮੀਡੀਆ ਕੰਪਨੀਆਂ ਵਿਚਾਲੇ ਬਦਲਾਅ ਸਬੰਧੀ ਇਕ ਦੌੜ ਲੱਗੀ ਹੋਈ ਹੈ। ਜੋ ਅੱਜ ਪ੍ਰਸੰਗਕ ਹੈ, ਉਹ ਕਲ੍ਹ ਨੂੰ ਗੈਰ-ਪ੍ਰਸੰਗਕ ਹੋ ਜਾਵੇਗਾ। ਸਮੇਂ ਨਾਲ ਚੱਲਣ ਲਈ ਤੁਹਾਨੂੰ ਖੁਦ ਨੂੰ, ਆਪਣੇ ਕਾਰੋਬਾਰ ਨੂੰ, ਆਪਣੀ ਕੰਪਨੀ ਨੂੰ ਅਪ-ਡੇਟ ਕਰਨਾ ਪਵੇਗਾ, ਨਹੀਂ ਤਾਂ ਪਛੜ ਜਾਓਗੇ। ਉਪਭੋਗਤਾ ਆਨਲਾਈਨ ਵਧੇਰੇ ਸਮਾਂ ਬਤੀਤ ਕਰਨ ਲੱਗਾ ਹੈ। ਨਤੀਜੇ ਵਜੋਂ 2022 ਦੌਰਾਨ ਆਨਲਾਈਨ ਚੀਜ਼ਾਂ ਵੇਚਣ ਖਰੀਦਣ ਦਾ ਮਾਹੌਲ ਬਣੇਗਾ। ਜਿਨ੍ਹਾਂ ਨੂੰ ਆਨਲਾਈਨ ਖਰੀਦਦਾਰੀ ਦਾ ਢੰਗ-ਤਰੀਕਾ ਨਹੀਂ ਆਉਂਦਾ, ਉਹ ਸਿੱਖਣ ਦੀ ਤਾਕ ਵਿਚ ਰਹਿਣਗੇ। 2021 ਦੌਰਾਨ ਦੁਨੀਆਂ ਵਿਚ ਸ਼ੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ 370 ਕਰੋੜ ਸੀ। ਸਾਲ 2022 ਦੌਰਾਨ ਇਸ ਗਿਣਤੀ ਵਿਚ ਵੱਡਾ ਵਾਧਾ ਦਰਜ ਹੋਣ ਦੀ ਸੰਭਾਵਨਾ ਹੈ। ਦੂਸਰੇ ਪਾਸੇ ਨਿੱਜਤਾ ਤੇ ਗੁਣਵਤਾ ਭੱਖਦੇ ਮੁੱਦੇ ਰਹਿਣਗੇ। ਸਰਕਾਰਾਂ ਨੂੰ ਅਤੇ ਕੰਪਨੀਆਂ ਨੂੰ ਇਨ੍ਹਾਂ ਦੋ ਮੁੱਦਿਆਂ 'ਤੇ ਫੋਕਸ ਕਰਨਾ ਪਵੇਗਾ, ਤਦ ਹੀ ਦੁਨੀਆਂ ਦਾ ਸ਼ੋਸ਼ਲ ਮੀਡੀਆ 'ਤੇ ਵਿਸ਼ਵਾਸ ਵਧੇਗਾ।

METRO CONTRACTING LTD.


Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract





Residential & Commercial

Gurvinder Sanghera: 604-729-1435
Email: gsanghera77@gmail.com

# ਮੈਂ ਨਹੀਂ ਚਾਹੁੰਦਾ ਕਿ 'ਕ੍ਰਿਸ਼-4' ਨੂੰ ਬਣਾਉਣ ਵਿਚ ਰੁਕਾਵਟ ਆਏ-ਰਾਕੇਸ਼ ਰੌਸ਼ਨ



ਫਿਲਮਕਾਰ ਰਾਕੇਸ਼ ਰੌਸ਼ਨ ਅਤੇ ਅਭਿਨੇਤਾ ਰਿਤਿਕ ਰੌਸ਼ਨ ਦੀ ਪਿਤਾ ਪੁੱਤਰ ਦੀ ਜੋੜੀ ਨੇ ਹਿੰਦੀ ਸਿਨੇਮਾ ਨੂੰ 'ਕਹੋ ਨਾ ਪਿਆਰ ਹੈ , 'ਕੋਈ ਮਿਲ ਗਯਾ ਅਤੇ 'ਕ੍ਰਿਸ਼ ਸੀਰੀਜ਼ ਵਰਗੀਆਂ ਸੁਪਰਹਿੱਟ ਫਿਲਮਾਂ ਦਿੱਤੀਆਂ ਹਨ। ਅੱਗੋਂ ਇਹ ਜੋੜੀ 'ਕ੍ਰਿਸ਼-4 ਉੱਤੇ ਕੰਮ ਕਰ ਰਹੀ ਹੈ। ਇਸ ਫਿਲਮ ਬਾਰੇ ਫਿਲਮੀ ਗਲਿਆਰਿਆਂ ਤੋਂ ਲਗਾਤਾਰ ਕੁਝ ਨਾ ਕੁਝ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਇੱਕ ਇੰਟਰਵਿਊ ਵਿੱਚ ਰਾਕੇਸ਼ ਨੇ ਖੁਦ ਇਸ ਫਿਲਮ ਬਾਰੇ ਅਪਡੇਟ ਦਿੱਤਾ ਹੈ। 'ਕ੍ਰਿਸ਼-4 ਦੇ ਬਾਰੇ ਉਨ੍ਹਾਂ ਦੱਸਿਆ ਕਿ ਮੈਂ ਮਹਾਮਾਰੀ ਦੇ ਲੰਘਣ ਦੀ ਉਡੀਕ ਕਰ ਰਿਹਾ ਹਾਂ। ਇਹ ਫਿਲਮ ਇਸ ਸਾਲ ਸ਼ੁਰੂ ਹੋ ਜਾਣ ਚਾਹੀਦੀ ਹੈ। ਅਸੀਂ ਫਿਲਮ (ਕ੍ਰਿਸ਼ 4) ਦੀ ਪਲਾਨਿੰਗ ਬਹੁਤ ਵੱਡੇ ਪੱਧਰ ਉੱਤੇ ਕੀਤੀ ਹੈ। ਮੈਂ ਨਹੀਂ ਚਾਹੁੰਦਾ ਕਿ ਫਿਲਮ ਦੇ ਨਿਰਮਾਣ ਵਿੱਚ ਕੋਈ ਰੁਕਾਵਟ ਆਏ। ਮੌਜੂਦਾ ਦੌਰ ਵਿੱਚ ਫਿਲਮਾਂ ਦਾ ਬਿਜ਼ਨਸ ਪਹਿਲਾਂ ਤੋਂ ਹੀ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ। ਮੈਂ ਵੀ ਅਜੇ ਕੋਈ ਰਿਸਕ ਨਹੀਂ ਲੈਣਾ ਚਾਹੁੰਦਾ। ਮੈਂ ਆਪਣਾ ਜ਼ਿਆਦਾਤਰ ਸਮਾਂ ਲੋਨਾਵਾਲਾ ਵਿੱਚ ਬਿਤਾਉਂਦਾ ਹਾਂ। ਉਥੇ ਕੋਈ ਪ੍ਰਦੂਸ਼ਣ ਨਹੀਂ ਹੈ, ਸਿਰਫ ਸ਼ਾਂਤੀ ਹੈ। ਇਸ ਦੇ ਅੱਗੇ ਰਿਤਿਕ ਦੇ ਦੋਬਾਰਾ ਗ੍ਰਹਿਸਥੀ ਵਸਾਉਣ ਦੇ ਸਵਾਲ ਉੱਤੇ ਰਾਕੇਸ਼ ਨੇ ਕਿਹਾ ਕਿ ਜੋ ਵੀ ਉਨ੍ਹਾਂ ਦੀ ਕਿਸਮਤ ਵਿੱਚ ਲਿਖਿਆ ਹੋਵੇਗਾ, ਉਹ ਹੋਵੇਗਾ। ਉਸ ਉੱਤੇ ਮੇਰੀ ਇੱਛਾ ਦਾ ਕੋਈ ਫਰਕ ਨਹੀਂ ਪੈਂਦਾ। ਜੋ ਹੋਵੇਗਾ, ਉਹ ਹੋਵੇਗਾ ਹੋਰ ਚੰਗਾ ਹੀ ਹੋਵੇਗਾ। ਮੈਂ ਰਿਤਿਕ ਨੂੰ ਸਿਰਫ ਇਹੀ ਕਹਿਣਾ ਚਾਹੁੰਦਾ ਹਾਂ ਕਿ ਉਹ ਜੋ ਵੀ ਹੈ ਉਹੀ ਬਣਿਆ ਰਹੇ।



# ਅਰਜਨ ਕਪੂਰ ਤੇ ਮਲਾਇਕਾ ਅਰੋੜਾ ਦੀ ਦੋਸਤੀ ਵਿਚਾਲੇ ਟੁੱਟੀ ?

ਚੰਡੀਗੜ੍ਹ-ਕੀ ਅਦਾਕਾਰਾ ਮਲਾਇਕਾ ਅਰੋੜਾ ਅਤੇ ਅਰਜੁਨ ਕਪੂਰ ਦੀ ਦੋਸਤੀ ਟੁੱਟ ਗਈ ਹੈ? ਬੌਲੀਵੁੱਡਲਾਈਫ ਡਾਟ ਕਾਮ ਅਨੁਸਾਰ ਚਾਰ ਸਾਲ ਇਕੱਠੇ ਰਹਿਣ ਮਗਰੋਂ ਮਲਾਇਕਾ ਅਤੇ ਅਰਜੁਨ ਨੇ ਵੱਖ ਹੋਣ ਦਾ ਫ਼ੈਸਲਾ ਕੀਤਾ ਹੈ। ਖ਼ਬਰਾਂ ਅਨੁਸਾਰ, 'ਛੇ ਦਿਨ ਤੋਂ ਵੱਧ ਹੋ ਗਏ ਹਨ, ਮਲਾਇਕਾ ਅਰੋੜਾ ਘਰ ਤੋਂ ਬਾਹਰ ਨਹੀਂ ਨਿਕਲੀ ਹੈ। ਉਹ ਕਾਫੀ ਉਦਾਸ ਹੈ। ਦੱਸਿਆ ਜਾਂਦਾ ਹੈ ਕਿ ਉਹ ਬੇਹੱਦ ਦੁਖੀ ਹੈ ਅਤੇ ਉਸ ਨੇ ਕੁਝ ਸਮੇਂ ਲਈ ਦੁਨੀਆ ਤੋਂ ਦੂਰ ਰਹਿਣ ਦਾ ਫ਼ੈਸਲਾ ਕੀਤਾ ਹੈ। ਦੂਜੇ ਪਾਸੇ ਅਰਜੁਨ ਕਪੂਰ ਵੀ ਉਸ ਨੂੰ ਇਨ੍ਹੀਂ ਦਿਨੀਂ ਇੱਕ ਵਾਰ ਵੀ ਮਿਲਣ ਲਈ ਨਹੀਂ ਆਇਆ ਹੈ। ਦਰਅਸਲ, ਅਰਜੁਨ ਤਿੰਨ ਦਿਨ ਪਹਿਲਾਂ ਆਪਣੀ ਭੈਣ ਰੀਆ ਕਪੂਰ ਦੇ ਘਰ ਰਾਤ ਦੇ ਭੋਜ ਤੇ ਗਿਆ ਸੀ। ਰੀਆ ਦਾ ਘਰ ਮਲਾਇਕਾ ਦੇ ਘਰ ਦੇ ਬਿਲਕੁਲ ਨੇੜੇ ਹੈ ਅਤੇ ਇਸ ਦੇ ਬਾਵਜੂਦ ਉਹ ਰਾਤ ਦੇ ਭੋਜ ਮਗਰੋਂ ਮਲਾਇਕਾ ਨੂੰ ਮਿਲਣ ਨਹੀਂ ਗਿਆ। ਮਲਾਇਕਾ ਅਕਸਰ ਅਰਜੁਨ ਨਾਲ ਅਜਿਹੇ ਪਰਿਵਾਰਕ ਭੋਜਨ ਵਿੱਚ ਸ਼ਾਮਲ ਹੁੰਦੀ ਸੀ ਪਰ ਇਸ ਵਾਰ ਉਹ ਉਸ ਨਾਲ ਦਿਖਾਈ ਨਹੀਂ ਦਿੱਤੀ। ਪਿਛਲੇ ਹਫ਼ਤੇ ਮਲਾਇਕਾ ਅਰੋੜਾ ਨੇ ਸਿਹਤ ਵਿਗੜਨ ਕਾਰਨ ਇੰਡੀਆ ਜ਼ ਬੈਸਟ ਡਾਂਸਰ 2 ਦੇ ਗਰੈਂਡ ਫਿਨਾਲੇ ਲਈ ਸ਼ੂਟਿੰਗ ਤੋਂ ਟਾਲਾ ਵੱਟ ਲਿਆ ਸੀ। ਸ਼ੋਅ ਦੇ ਕਰੀਬੀ ਸੂਤਰਾਂ ਨੇ ਸਾਂਝਾ ਕੀਤਾ ਕਿ ਉਹ ਥੋੜਾ ਠੀਕ ਨਹੀਂ ਮਹਿਸੂਸ ਕਰ ਰਹੀ ਸੀ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates
Daljit Singh
778-549-3605
E: singh.mand@icloud.com

# ਖੱਖ ਪਰਿਵਾਰ ਨੂੰ ਸਦਮਾ ਸਰਪੰਚ ਹਰਮੇਲ ਸਿੰਘ ਖੱਖ ਭਾਣੋਕੀ ਦਾ ਸਦੀਵੀ ਵਿਛੋੜਾ



ਸਰੀ- ਸਰੀ ਵਾਸੀ ਜਥੇਦਾਰ ਗੁਰਚਰਨ ਸਿੰਘ ਖੱਖ ਅਤੇ ਸ ਨਰਿੰਦਰ ਸਿੰਘ ਖੱਖ ( ਮਿਰਾਜ ਬੈਂਕੁਇਟ ਹਾਲ ਵਾਲੇ) ਤੇ ਗੁਰਦਾਵਰ ਸਿੰਘ ਰਾਜਾ ਖੱਖ, ਜਸਵਿੰਦਰ ਸਿੰਘ ਸ਼ਿੰਦਾ ( ਯੂ ਐਸ ਏ) ਪਰਿਵਾਰ ਨੂੰ ਉਦੋਂ ਗਹਿਰਾ ਸਦਮਾ ਪੁੱਜਾ ਜਦੋ ਉਹਨਾਂ ਦੇ ਵੱਡੇ ਭਰਾਤਾ ਸ ਹਰਮੇਲ ਸਿੰਘ ਖੱਖ ਸਾਬਕਾ ਸਰਪੰਚ ਪਿੰਡ ਭਾਣੋਕੀ ਦਾ ਦੇਹਾਂਤ ਹੋ ਗਿਆ। ਉਹ ਲਗਪਗ 70 ਵਰਿਆਂ ਦੇ ਸਨ ਤੇ ਪਿਛਲੇ ਕੁਝ ਸਮੇਂ ਤੋ ਬੀਮਾਰ ਸਨ। ਉਹ ਲੰਬਾ ਸਮਾਂ ਆਪਣੇ ਪਿੰਡ ਦੇ ਸਰਪੰਚ ਰਹੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਵਜੋ ਵੀ ਸੇਵਾਵਾਂ ਨਿਭਾਈਆਂ। ਉਹ ਆਪਣੇ ਪਿੱਛੇ ਪਤਨੀ, ਦੋ ਸਪੁੱਤਰ ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ (ਯੂ ਐਸ ਏ) ਅਤੇ ਦੋ ਧੀਆਂ ਛੱਡ ਗਏ ਹਨ। ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਮਿਤੀ 15 ਜਨਵਰੀ ਦਿਨ ਸ਼ਨੀਵਾਰ ਨੂੰ ਪਿੰਡ ਭਾਣੋਕੀ ਨੇੜੇ ਫਗਵਾੜਾ ਦੇ ਸ਼ਮਸ਼ਾਨਘਾਟ ਵਿਚ ਕੀਤਾ ਜਾਵੇਗਾ। ਪਰਿਵਾਰ ਨਾਲ ਹਮਦਰਦੀ ਲਈ ਜਥੇਦਾਰ ਗੁਰਚਰਨ ਸਿੰਘ ਖੱਖ ਨਾਲ ਫੋਨ ਨੰਬਰ 91-6284-188818 (ਇੰਡੀਆ) ਜਾਂ 604-724-4024, ਨਰਿੰਦਰ ਸਿੰਘ ਖੱਖ-604-355-4646 ਜਾਂ ਰਾਜਾ ਖੱਖ ( ਯੂ ਐਸ ਏ) ਨਾਲ 916-865-6659 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੀ.ਸੀ. ਲਿਬਰਲ ਲੀਡਰਸ਼ਿਪ ਚੋਣ ਲਈ ਮੈਂਬਰਸ਼ਿਪ ਧੋਖਾਧੜੀ ਦੇ ਦੋਸ਼

ਵੈਨਕੂਵਰ-ਹੇਸਟਿੰਗਜ਼ ਤੋਂ ਵਿਧਾਇਕ ਨਿੱਕੀ ਸ਼ਰਮਾ ਨੇ ਇਕ ਬਿਆਨ ਰਾਹੀ ਕਿਹਾ ਹੈ ਕਿ ਬੀਸੀ ਲਿਬਰਲ ਲੀਡਰਸ਼ਿਪ ਮੁਹਿੰਮ ਨਾਲ ਜੁੜੇ ਵੋਟਰਾਂ ਨਾਲ ਧੋਖਾਧੜੀ ਦੇ ਗੰਭੀਰ ਦੋਸ਼ਾਂ ਦੀ ਸੁਤੰਤਰ ਤੌਰ 'ਤੇ ਜਾਂਚ ਹੋਣੀ ਚਾਹੀਦੀ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਸੱਤ ਵਿੱਚੋਂ ਪੰਜ ਲੀਡਰਸ਼ਿਪ ਮੁਹਿੰਮਾਂ ਨੇ ਬੀ ਸੀ ਲਿਬਰਲਾਂ ਦੀ ਲੀਡਰਸ਼ਿਪ ਪ੍ਰਬੰਧਕੀ ਕਮੇਟੀ ਨੂੰ ਇਕ ਸਾਂਝੇ ਪੱਤਰ ਰਾਹੀਂ ਮੈਂਬਰਸ਼ਿਪ ਬੇਨਿਯਮੀਆਂ ਦੇ ਦੋਸ਼ ਲਗਾਏ ਹਨ। "ਅਸੀਂ ਸਮੂਹਿਕ ਤੌਰ 'ਤੇ ਵੋਟਰਾਂ ਦੀ ਧੋਖਾਧੜੀ, ਮੌਜੂਦਾ ਆਡਿਟ ਪ੍ਰਕਿਰਿਆ, ਅਤੇ ਪਾਰਟੀ, ਪਾਰਟੀ ਸਟਾਫ, ਕਾਰਜਕਾਰੀ ਅਤੇ ਸਾਡੇ ਸਾਰਿਆਂ ਲਈ ਵਿਨਾਸ਼ਕਾਰੀ ਸਾਖ ਨੂੰ ਨੁਕਸਾਨ ਪਹੁੰਚਾਉਣ ਦੇ ਜੋਖਮ ਬਾਰੇ ਚਿੰਤਤ ਹਾਂ ਜੇਕਰ ਇਸ ਦੌੜ ਨੂੰ ਮੁਫਤ ਤੋਂ ਘੱਟ ਕੁਝ ਸਮਝਿਆ ਜਾਂਦਾ ਹੈ ਅਤੇ ਨਿਰਪੱਖ, "ਪੱਤਰ ਵਿੱਚ ਕਿਹਾ ਗਿਆ ਹੈ। ਸਭ ਤੋਂ ਗੰਭੀਰ ਦੋਸ਼ਾਂ ਵਿੱਚ ਕਿਹਾ ਗਿਆ ਹੈ ਕਿ ਨਵੇਂ ਹਸਤਾਖਰ ਕੀਤੇ ਮੈਂਬਰਾਂ ਦੇ ਨਾਂ ਵਪਾਰਾਂ ਦੇ ਪਤਿਆਂ ਨਾਲ ਜੁੜੇ ਹੋਏ ਹਨ, ਰਿਹਾਇਸ਼ੀ ਘਰਾਂ ਨਾਲ ਨਹੀਂ। ਲੀਡਰਸ਼ਿਪ ਫਰੰਟ ਰਨਰ ਕੇਵਿਨ ਫਾਲਕਨ ਅਤੇ ਵੈੱਲ ਲਿਟਵਿਨ ਨੇ ਇਸ ਪੱਤਰ 'ਤੇ ਦਸਤਖਤ ਨਹੀਂ ਕੀਤੇ ਜਦੋਕਿ ਬਾਕੀ ਉਮੀਦਵਾਰਾਂ ਨੇ ਦਸਤਖਤ ਕੀਤੇ ਹਨ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਬੀ ਸੀ ਲਿਬਰਲ ਲੀਡਰਸ਼ਿਪ ਦੀ ਮੁਹਿੰਮ ਵਿਚ ਬੇਨਿਯਮੀਆਂ ਦੇ ਦੋਸ਼ ਲਗਾਏ ਹੋਣ।



# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ

ਸਰੀ (ਡਾ: ਗੁਰਵਿੰਦਰ ਸਿੰਘ)-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਅਤੇ ਸਿੱਖਿਆਵਾਂ ਨੂੰ ਸਮਰਪਿਤ ਕਵੀ ਦਰਬਾਰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਕਰਵਾਇਆ ਗਿਆ, ਜਿਸ ਵਿਚ ਉੱਚ ਕੋਟੀ ਦੇ ਕਵੀ ਸਹਿਬਾਨ ਨੇ ਹਾਜ਼ਰੀ ਲਵਾਈ। ਵਿਸ਼ੇਸ਼ ਗੱਲ ਇਹ ਰਹੀ ਕਿ ਕਵੀ ਦਰਬਾਰ ਦੀ ਸਮਾਪਤੀ ਤੱਕ ਸੰਗਤਾਂ ਵੱਡੀ ਤਾਦਾਦ ਵਿੱਚ ਮੌਜੂਦ ਰਹੀਆਂ ਅਤੇ ਕਵੀਆਂ ਦੀ ਭਰਪੂਰ ਹੌਸਲਾ ਅਫ਼ਜ਼ਾਈ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸਾਹਿਬਾਨਾਂ ਵਲੋਂ ਸਮੂਹ ਕਵੀਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਮੁੱਖ ਸੇਵਾਦਰ ਭਾਈ ਹਰਦੀਪ ਸਿੰਘ ਨੇ ਕਿਹਾ ਕਿ ਕਵੀ ਦਰਬਾਰ ਦੀ ਚੜ੍ਹਦੀ ਕਲਾ ਤੋਂ ਪ੍ਰੇਰਤ ਹੋ ਕੇ ਪ੍ਰਬੰਧਕ ਸਹਿਬਾਨ ਖ਼ਾਲਸਾ ਸਾਜਨਾ ਦਿਹਾੜੇ 'ਤੇ ਵੱਡੇ ਪੱਧਰ ਤੇ ਕਵੀ ਦਰਬਾਰ ਕਰਵਾਉਣਗੇ, ਜਿਸ ਦੇ ਵਿੱਚ ਬਵੰਜਾ ਕਵੀ ਸਹਿਬਾਨ ਸ਼ਾਮਲ ਕੀਤੇ ਜਾਣਗੇ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕਵੀ ਦਰਬਾਰ ਦਾ ਸੰਚਾਲਨ ਕਰਦਿਆਂ ਡਾ ਗੁਰਵਿੰਦਰ ਸਿੰਘ ਨੇ ਕਿਹਾ ਕਿ



ਹਰ ਸਾਲ ਗੁਰਦੁਆਰਾ ਸਾਹਿਬ ਵੱਲੋਂ ਕਵੀ ਦਰਬਾਰ ਕਰਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ। ਕਵੀ ਦਰਬਾਰ ਵਿੱਚ ਹਾਜ਼ਰੀ ਭਰਨ ਵਾਲਿਆਂ 'ਚ ਡਾ ਪਰਮਵੀਰ ਸਿੰਘ, ਡਾ ਗੁਰਮਿੰਦਰ ਕੌਰ ਸਿੱਧੂ, ਪ੍ਰਿੰਸੀਪਲ ਗਿਆਨ ਸਿੰਘ ਕੋਟਲੀ, ਪਲਵਿੰਦਰ ਸਿੰਘ ਰੰਧਾਵਾ, ਰਵਨੀਤ ਸਿੰਘ, ਡਾ ਬਲਦੇਵ ਸਿੰਘ ਖਹਿਰਾ, ਅੰਮ੍ਰਿਤ ਦੀਵਾਨਾ, ਪ੍ਰੋ ਅਮਰੀਕ ਸਿੰਘ ਫੁੱਲ, ਸੁਰਜੀਤ ਸਿੰਘ ਮਾਧੋਪੁਰੀ, ਹਰਚਰਨ ਸਿੰਘ ਸੰਧੂ, ਮਾਸਟਰ ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਕਾਕਾ ਸਿਮਰਨ ਸਿੰਘ, ਸਰਬਜੀਤ ਸਿੰਘ, ਗਿ। ਚੂਹੜ ਸਿੰਘ ਅਤੇ ਕਰਨੈਲ ਸਿੰਘ ਮਾਨ ਸਮੇਤ ਨਾਮਵਰ ਲਿਖਾਰੀ ਹਾਜ਼ਰ ਸਨ। ਕਵੀ ਦਰਬਾਰ ਦਾ ਨਾਲੋ- ਨਾਲ ਪ੍ਰਸਾਰਨ ਕੁਝ ਟੀ ਵੀ ਅਦਾਰਿਆਂ ਵਲੋਂ ਵੀ ਕੀਤਾ ਗਿਆ ਕਵੀਆਂ ਨੂੰ ਸਨਮਾਨਤ ਕਰਨ ਵਾਲਿਆਂ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਤੋਂ ਇਲਾਵਾ ਭਾਈ ਹਰਦੀਪ ਸਿੰਘ, ਬੀਬੀ ਭੁਪਿੰਦਰ ਕੌਰ, ਭਾਈ ਗੁਰਮੀਤ ਸਿੰਘ ਤੂਰ ਅਤੇ ਭਾਈ ਭੁਪਿੰਦਰ ਸਿੰਘ ਹੋਠੀ ਸਮੇਤ ਸਮੂਹ ਪ੍ਰਬੰਧਕ ਸ਼ਾਮਲ ਸਨ। ਉੱਚ ਕੋਟੀ ਦੇ ਸ਼ਾਇਰਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਕਾਰਨ ਇਕ ਕਵੀ ਦਰਬਾਰ ਸਫ਼ਲਤਾਪੂਰਵਕ ਨੇਪਰੇ ਚੜ੍ਹਿਆ।



WANT TO BUY / SELL?
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

5137 CALVERT DR, DELTA



Beautiful in and outside totally remodelled. 3 bedroom, 2 Bathroom Rancher. 66'x102' lot in a very desirable area.
ASKING ONLY $1,049,000

6340 BUSWELL ST, RICHMOND




Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

COMING SOON !!
Industrial Warehouse in Richmond Near No. 6 Road on 1999 Savage. Call for more info.

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਫ਼ਿਲਮ '83 ਨੇ ਕਮਾਏ ਸੌ ਕਰੋੜ ਰੁਪਏ

ਮੁੰਬਈ-ਕ੍ਰਿਕਟ ਖਿਡਾਰੀ ਕਪਿਲ ਦੇਵ ਦੇ ਜੀਵਨ 'ਤੇ ਅਧਾਰਿਤ ਕਬੀਰ ਖ਼ਾਨ ਵੱਲੋਂ ਨਿਰਦੇਸ਼ਿਤ ਫਿਲਮ '83 ਨੇ ਹੁਣ ਤੱਕ ਦੇਸ਼ ਭਰ ਵਿੱਚ ਸੌ ਕਰੋੜ ਰੁਪਏ ਦੀ ਕਮਾਈ ਕਰ ਲਈ ਹੈ। ਇਸ ਫਿਲਮ ਨੂੰ ਰਿਲੀਜ਼ ਹੋਇਆਂ ਅੱਜ 17 ਦਿਨ ਹੋ ਗਏ ਹਨ। ਫਿਲਮ ਹਿੰਦੀ, ਤਮਿਲ, ਤੇਲਗੂ, ਕੰਨੜ ਅਤੇ ਮਲਿਆਲਮ ਭਾਸ਼ਾਵਾਂ ਵਿੱਚ ਰਿਲੀਜ਼ ਕੀਤੀ ਗਈ ਹੈ। ਇਸ ਫਿਲਮ ਨਾਲ ਜੁੜੀਆਂ ਨਿਰਮਾਣ ਕੰਪਨੀਆਂ ਵੱਜੋਂ ਇੱਕ ਰਿਲਾਇੰਸ ਐਂਟਰਟੇਨਮੈਂਟ ਨੇ ਇਹ ਜਾਣਕਾਰੀ ਆਪਣੇ ਟਵਿੱਟਰ ਅਕਾਊਂਟ ਰਾਹੀਂ ਸਾਂਝੀ ਕੀਤੀ ਹੈ। ਕੰਪਨੀ ਨੇ ਟਵੀਟ ਕੀਤਾ, 'ਫਿਲਮ '83 ਨੇ ਭਾਰਤ ਵਿੱਚ ਸ਼ਤਕ ਬਣਾ ਲਿਆ ਹੈ। ਹਾਲਾਂਕਿ ਫਿਲਮ ਜਗਤ ਦੇ ਆਲੋਚਕਾਂ ਵੱਲੋਂ ਸ਼ੁਰੂਆਤੀ ਦਿਨਾਂ ਦੌਰਾਨ ਇਸ ਫਿਲਮ ਨੂੰ ਫਲਾਪ ਦੱਸਿਆ ਜਾ ਰਿਹਾ ਸੀ, ਕਿਉਂਕਿ ਇਸ ਦੇ ਨਾਲ ਹੀ ਰਿਲੀਜ਼ ਹੋਈ ਅਕਸ਼ੈ ਕੁਮਾਰ ਦੀ 'ਸੂਰਿਆਵੰਸ਼ੀ' ਨੇ ਮੁਕਾਬਲਤਨ ਵਧੀਆ ਕਮਾਈ ਕੀਤੀ ਸੀ।

# ਗਿੱਪੀ ਗਰੇਵਾਲ ਤੇ ਜੈਸਮੀਨ ਵੱਲੋਂ 'ਹਨੀਮੂਨ' ਦੀ ਸ਼ੂਟਿੰਗ ਸ਼ੁਰੂ

ਮੁੰਬਈ-ਅਦਾਕਾਰ ਗਿੱਪੀ ਗਰੇਵਾਲ ਅਤੇ ਜੈਸਮੀਨ ਭਸੀਨ ਨੇ ਆਉਣ ਵਾਲੀ ਪੰਜਾਬੀ ਫਿਲਮ 'ਹਨੀਮੂਨ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ, ਜਿਸ ਦਾ ਐਲਾਨ ਅੱਜ ਇੱਥੇ ਨਿਰਮਾਤਾਵਾਂ ਵੱਲੋਂ ਕੀਤਾ ਗਿਆ। ਫਿਲਮ ਦੇ ਨਿਰਦੇਸ਼ਕ ਅਮਰਪ੍ਰੀਤ ਜੀਐੱਸ ਛਾਬੜਾ ਹਨ ਅਤੇ ਭੂਸ਼ਨ ਕੁਮਾਰ ਅਤੇ ਹਰਮਨ ਬਵੇਜਾ ਸਾਂਝੇ ਪ੍ਰੋਡਕਸ਼ਨ ਕਰ ਰਹੇ ਹਨ। ਟੀ-ਸੀਰੀਜ਼ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਸ਼ੂਟਿੰਗ ਸ਼ੁਰੂ ਹੋਣ ਦਾ ਐਲਾਨ ਕਰਦਿਆਂ ਫਿਲਮ ਦੇ ਸੈੱਟ ਤੋਂ ਗਿੱਪੀ ਗਰੇਵਾਲ ਅਤੇ ਜੈਸਮੀਨ ਦੀ ਤਸਵੀਰ ਸਾਂਝੀ ਕੀਤੀ ਹੈ। ਨਿਰਮਾਤਾਵਾਂ ਅਨੁਸਾਰ ਫਿਲਮ ਦੀ ਕਹਾਣੀ ਇੱਕ ਨਵੇਂ ਵਿਆਹੇ ਜੋੜੇ ਦੀਪ ਅਤੇ ਸੁੱਖ ਦੁਆਲੇ ਘੁੰਮਦੀ ਹੈ, ਜੋ ਆਪਣੇ ਹਨੀਮੂਨ 'ਤੇ ਜਾਣਾ ਚਾਹੁੰਦੇ ਹਨ ਪਰ ਦੀਪ ਦਾ ਸਿੱਧਾ-




ਸਾਧਾ ਪਰਿਵਾਰ ਇਸ ਗੱਲ ਤੋਂ ਅਣਜਾਣ ਹੈ ਕਿ ਅਸਲ ਵਿੱਚ ਹਨੀਮੂਨ ਕੀ ਹੁੰਦਾ ਹੈ। ਨਵ-ਵਿਆਹਿਆ ਜੋੜਾ ਕਦੇ ਪਿੰਡ ਤੋਂ ਬਾਹਰ ਵੀ ਨਹੀਂ ਗਿਆ ਹੁੰਦਾ, ਇਸ ਤਰ੍ਹਾਂ ਕਰਦਿਆਂ ਕਰਾਉਂਦਿਆਂ ਪਰਿਵਾਰ ਦੇ 16 ਜੀਅ ਹਨੀਮੂਨ 'ਤੇ ਜਾਣ ਲਈ ਤਿਆਰ ਹੋ ਜਾਂਦੇ ਹਨ। ਜੈਸਮੀਨ ਭਸੀਨ ਇਸ ਤੋਂ ਪਹਿਲਾਂ ਬਿੱਗ ਬੌਸ ਸੀਜ਼ਨ-14 ਵਿੱਚ ਦਿਖਾਈ ਦਿੱਤੀ ਸੀ। ਇਸ ਤੋਂ ਪਹਿਲਾਂ ਉਸ ਨੇ ਤੇਲਗੂ ਫਿਲਮ 'ਲੇਡੀਜ਼ ਐਂਡ ਜੈਂਟਲਮੈਨ' ਅਤੇ 2016 ਵਿੱਚ ਆਈ ਤਾਮਿਲ ਫਿਲਮ 'ਜਿਲ ਜੁੰਗ ਜੁੱਕ' ਵਿੱਚ ਕੰਮ ਕੀਤਾ ਹੈ। ਫਿਲਮ 'ਹਨੀਮੂਨ' ਦੇ ਨਿਰਮਾਤਾ ਕ੍ਰਿਸ਼ਨ ਕੁਮਾਰ ਅਤੇ ਵਿੱਕੀ ਬਾਹਰੀ ਵੀ ਹਨ।

# ਪੂਜਾ ਹੇਗੜੇ ਦੀਆਂ ਪੰਜ ਫ਼ਿਲਮਾਂ ਹੋਣਗੀਆਂ ਰਿਲੀਜ਼



ਮੁੰਬਈ-ਅਦਾਕਾਰਾ ਪੂਜਾ ਹੇਗੜੇ ਦੀਆਂ 2022 ਵਿੱਚ ਪੰਜ ਫ਼ਿਲਮਾਂ ਰਿਲੀਜ਼ ਹੋਣ ਜਾ ਰਹੀਆਂ ਹਨ। ਇਨ੍ਹਾਂ ਫਿਲਮਾਂ ਵਿੱਚ ਵਿਜੈ ਤਲਾਪਤੀ ਦੀ 'ਬੀਸਟ', ਰਣਵੀਰ ਨਾਲ 'ਸਰਕਸ', ਚਿਰੰਜੀਵੀ ਅਤੇ ਰਾਮ ਚਰਨ ਨਾਲ 'ਅਚਾਰਿਆ', ਪ੍ਰਭਾਸ ਨਾਲ 'ਰਾਧੇ ਸ਼ਿਆਮ' ਅਤੇ ਮਹੇਸ਼ ਬਾਬੂ ਨਾਲ ਇੱਕ ਫਿਲਮ ਸ਼ਾਮਲ ਹੈ, ਜਿਸ ਦਾ ਹਾਲੇ ਨਾਮ ਨਹੀਂ ਰੱਖਿਆ ਗਿਆ। ਫਿਲਮਾਂ ਨਾਲ ਰੁੱਝੇ ਇਸ ਨਵੇਂ ਵਰ੍ਹੇ ਦੀ ਖੁਸ਼ੀ ਸਾਂਝੀ ਕਰਦਿਆਂ ਅਦਾਕਾਰਾ ਨੇ ਲਿਖਿਆ, 'ਜੀਵਨ ਵਿੱਚ ਆਈਆਂ ਬਹੁਤ ਸਾਰੀਆਂ ਤਬਦੀਲੀਆਂ ਦੇ ਬਾਵਜੂਦ ਬੀਤਿਆ ਵਰ੍ਹਾ ਮੇਰੇ ਲਈ ਬਹੁਤ ਹੀ ਉਤਸ਼ਾਹਪੂਰਨ ਰਿਹਾ। ਫਿਲਮ 'ਮੋਸਟ ਐਲਿਜੀਬਲ ਬੈਚਲਰ' ਨੂੰ ਦਰਸ਼ਕਾਂ ਵੱਲੋਂ ਮਿਲਿਆ ਪਿਆਰ ਮੇਰੇ ਲਈ ਵੱਡੀ ਗੱਲ ਹੈ। ਜਿਸ ਨੇ ਮੈਨੂੰ ਹੋਰ ਕੰਮ ਕਰਨ ਲਈ ਪ੍ਰੇਰਿਆ ਹੈ। ਅਦਾਕਾਰਾ ਆਉਣ ਵਾਲੇ ਸਾਲਾਂ ਵਿੱਚ ਹੋਰ ਵੀ ਵਧੀਆ ਕੰਮ ਕਰਨਾ ਚਾਹੁੰਦੀ ਹੈ। ਪੂਜਾ ਨੇ ਕਿਹਾ, 'ਮੈਂ ਅਜਿਹਾ ਕੰਮ ਕਰਨਾ ਚਾਹੁੰਦੀ ਹਾਂ, ਜਿਸ ਨੂੰ ਵੇਖ ਕੇ ਦਰਸ਼ਕ ਮੈਨੂੰ ਹਮੇਸ਼ਾਂ ਯਾਦ ਰੱਖਣ। ਮੈਂ ਆਪਣੇ ਕੰਮ ਵਿੱਚ ਹੋਰ ਨਿਖਾਰ ਲਿਆਉਣਾ ਚਾਹੁੰਦੀ ਹਾਂ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance




ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

OPEN 7 DAYS

ICBC autoplan www.goldkeyinsurance.ca

Practice Social Distancing

Please wear a face mask or face covering before entry

**Fruiticana hee jaana!**

Your one and only Surrey owned **Punjabi** store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

# LOWEST PRICES IN TOWN

ਸ਼ਹਿਰ ਦੇ ਸੱਭ ਤੋਂ ਘੱਟ ਦਾਮ

**Extra Extra Super Special** — Golden Temple Flour 20 lbs / ਗੋਲਡਨ ਟੈਂਪਲ ਆਟਾ — $9.98 bag

**Extra Super Super Special** — Long Eggplants / ਲੰਬੇ ਬਤਾਊਂ — $1.29 lb

**Extra Super Super Special** — Yellow Onions 50 lbs / ਪੀਲੇ ਗੰਢੇ — $11.99 bag

**Super Special** — Chickpeas 4 lbs Indican / ਇੰਡੀਕੇਨ ਚਿੱਟੇ ਛੋਲੇ — $3.99 bag

**Super Special** — Fresh Green Sugarcane / ਤਾਜ਼ਾ ਗੰਨਾ — $1.99 ea.

**Super Special** — Maggi Masala Noodles 70 g / ਮੈਗੀ ਮਸਾਲਾ ਨੂਡਲਸ — 35¢ ea.

**Super Special** — Punjabi Pure Cane Sugar (Indican) 8 lbs / ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ — $4.99 bag

**Super Special** — Pink Lady Apples USA #1 / ਪੀਂਕ ਲੇਡੀ ਐਪਲ ਯੂ.ਐਸ.ਏ #੧ — 98¢ lb

**Super Special** — Almonds Supreme #1 / ਬਦਾਮ ਪ੍ਰੀਮੀਅਮ ਸਾਈਜ਼ ੧ — $4.49 lb

Cilantro / ਧਨੀਆ — 2 bunches for $1.50

Russet Potatoes 10 lbs / ਆਲੂ ਰਸਟ ਸਨੋਬੁਆਏ — $3.49 bag

Opo Squash / ਓਪੋ ਕੱਦੂ — 88¢ lb

Large Seedless Oranges / ਵੱਡੇ ਸੰਤਰੇ (ਬਿਨਾਂ ਬੀਜ ਤੋਂ) — 98¢ lb

Fresh Garlic / ਤਾਜ਼ਾ ਲਸਣ — $1.49 lb

Fresh Ginger / ਤਾਜ਼ਾ ਅਦਰਕ — $1.49 lb

Spinach / ਪਾਲਕ — $1.79 bunch

Indican Almond Oil 1 L / ਇੰਡੀਕੇਨ ਬਦਾਮ ਦਾ ਤੇਲ — $12.99 bottle

Punjabi Cookies New Crunch & Indican 2.2 lbs / ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ — $5.99 pkg.

Green Elaichi (Cardamom) S.G / ਹਰੀ ਇਲਾਇਚੀ (ਐੱਸ. ਜੀ) — $18.99 lb

Pesi Gur Plain / ਪੇਸ਼ੀ ਗੁੜ — $2.49 lb

Product images may differ from the actual product.

**Fri Jan 14, 2022 - Wed Jan 19, 2022**

We reserve the right to limit the quantities while they last

**Specials valid for Lower Mainland only**

Head Office: 7676 Anvil Way, Surrey
604-502-0005
www.fruiticana.com

Fruiticana SINCE 1994

NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809

BUSINESS HOURS
9 AM - 8 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |